Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

# ਕੈਨੇਡੀਅਨ ਪੰਜਾਬੀ ਪੋਸਟ

Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 20* Issue 172 | Wednesday, September 01, 2021 | Tel: 905-793-2202 | Fax: 905-793-2282 | news@punjabipost.ca
ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਅਮਰੀਕਾ ਵੱਲੋਂ ਬਚਾਏ ਗਏ 5000 ਅਫਗਾਨੀਆਂ ਨੂੰ ਵਸਾਵੇਗਾ ਕੈਨੇਡਾ

ਓਟਵਾ, 31 ਅਗਸਤ (ਪੋਸਟ ਬਿਊਰੋ) : ਅਮਰੀਕਾ ਵੱਲੋਂ ਅਫਗਾਨਿਸਤਾਨ ਤੋਂ ਬਾਹਰ ਕੱਢੇ ਗਏ ਹਜ਼ਾਰਾਂ ਅਫਗਾਨੀ ਰਫਿਊਜੀਆਂ ਨੂੰ ਕੈਨੇਡਾ ਵਿੱਚ ਵਸਾਉਣ ਦਾ ਐਲਾਨ ਕੀਤਾ ਗਿਆ ਹੈ।



ਇਮੀਗ੍ਰੇਸ਼ਨ ਮੰਤਰੀ ਮਾਰਕੋ ਮੈਂਡੀਸਿਨੋ ਨੇ ਮੰਗਲਵਾਰ ਨੂੰ ਆਖਿਆ ਕਿ ਅਫਗਾਨਿਸਤਾਨ ਵਿੱਚ ਕਈ ਸਾਲਾਂ ਤੱਕ ਚੱਲੀ ਜੰਗ ਦੌਰਾਨ ਕੈਨੇਡੀਅਨ ਸੈਨਾਂ ਦੀ ਮਦਦ ਕਰਨ ਵਾਲੇ 5000 ਲੋਕਾਂ ਦਾ ਜਲਦ ਹੀ ਕੈਨੇਡਾ ਵਿੱਚ ਮੁੜ ਵਸੇਬਾ ਕੀਤਾ ਜਾਵੇਗਾ। ਇਨ੍ਹਾਂ ਰਫਿਊਜੀਆਂ ਨੂੰ ਅਮਰੀਕੀ ਸੈਨਾਵਾਂ ਵੱਲੋਂ ਪਹਿਲਾਂ ਹੀ ਅਫਗਾਨਿਸਾਨ ਤੋਂ ਬਾਹਰ ਕੱਢ ਲਿਆ ਗਿਆ ਹੈ ਤੇ ਇਨ੍ਹਾਂ ਨੂੰ ਮੱਧ ਪੂਰਬ ਤੇ ਯੂਰਪ ਦੇ ਹੋਰਨਾਂ ਦੇਸ਼ਾਂ ਵਿੱਚ ਲਿਜਾਇਆ ਗਿਆ ਹੈ।

ਮੈਂਡੀਸਿਨੋ ਨੇ ਇਸ ਗੱਲ ਦੀ ਪੁਸ਼ਟੀ ਕੀਤੀ ...ਬਾਕੀ ਪੰਨਾ 5 'ਤੇ

## ਐਨਡੀਪੀ ਦੇ ਈਵੈਂਟ ਉੱਤੇ ਇੰਡੀਜੀਨਸ ਆਗੂਆਂ ਨੇ ਲਿਬਰਲ ਉਮੀਦਵਾਰ ਦਾ ਕੀਤਾ ਸਮਰਥਨ

ਟੋਰਾਂਟੋ, 31 ਅਗਸਤ (ਪੋਸਟ ਬਿਊਰੋ) : ਮੈਨੀਟੋਬਾ ਵਿੱਚ ਐਨਡੀਪੀ ਦੀ ਕੈਂਪੇਨ ਦੌਰਾਨ ਦੋ ਇੰਡੀਜੀਨਸ ਆਗੂਆਂ ਨੇ ਲਿਬਰਲ ਉਮੀਦਵਾਰ ਦਾ ਸਮਰਥਨ ਕੀਤਾ। ਉਹ ਵੀ ਉਸ ਸਮੇਂ ਜਦੋਂ ਐਨਡੀਪੀ ਆਗੂ ਜਗਮੀਤ ਸਿੰਘ ਉਨ੍ਹਾਂ ਦੇ ਪਿੱਛੇ ਹੀ ਖੜ੍ਹੇ ਸਨ।

ਇਹ ਅਜੀਬ ਹਾਲਾਤ 26 ਅਗਸਤ ਨੂੰ ਉਸ ਸਮੇਂ ਪੈਦਾ ਹੋਏ ਜਦੋਂ ਜਗਮੀਤ ਸਿੰਘ ਤੇ ਦੋ ਲੋਕਲ ਉਮੀਦਵਾਰਾਂ ਨੇ ਅਸੈਂਬਲੀ ਆਫ ਮੈਨੀਟੋਬਾ ਦੇ ਚੀਫਜ਼ ਗ੍ਰੈਂਡ ਚੀਫ ਆਰ-ਲੇਨ ਡੂਮਸ ਤੇ ਮੈਨੀਟੋਬਾ ਕੀਵਾਤੀਨੋਵੀ



ਓਕੀਮਾਕਾਨਾਕ ( ਐਮ ਕੇ ਓ) ਦੇ ਗ੍ਰੈਂਡ ਚੀਫ ਗੈਰੀਸਨ ਸੈਟੀ ਨਾਲ ਵਿਨੀਪੈਗ ਵਿੱਚ ਇੱਕ ਕੈਂਪੇਨ ਈਵੈਂਟ ਲਈ ਮੁਲਾਕਾਤ ਕੀਤੀ। ਈਵੈਂਟ ਦੌਰਾਨ ਦੋਵਾਂ, ਡੂਮਸ ਤੇ ਸੈਟੀ ਨੇ ਉੱਤਰੀ ਮੈਨੀਟੋਬਾ ਦੇ ਚਰਚਿਲ ਹਲਕੇ ਲਈ ਲਿਬਰਲ ਉਮੀਦਵਾਰ ਸ਼ਰਲੇ ਰੌਬਿਨਸਨ ਦਾ ਸਮਰਥਨ ਕੀਤਾ।

ਬਾਅਦ ਵਿੱਚ ਇੱਕ ਇੰਟਰਵਿਊ ਵਿੱਚ ਦੋਵਾਂ ...ਬਾਕੀ ਪੰਨਾ 5 'ਤੇ

## ਕੈਲਵਿਨ ਗੋਏਰਟਜ਼ਨ ਹੋਣਗੇ ਮੈਨੀਟੋਬਾ ਦੇ ਅਗਲੇ ਪ੍ਰੀਮੀਅਰ

ਵਿਨੀਪੈਗ, 31 ਅਗਸਤ (ਪੋਸਟ ਬਿਊਰੋ) : ਕੈਲਵਿਨ ਗੋਏਰਟਜ਼ਨ ਨੂੰ ਮੈਨੀਟੋਬਾ ਦੀ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਦਾ ਅੰਤਰਿਮ ਆਗੂ ਚੁਣਿਆ ਗਿਆ ਹੈ ਤੇ ਬੁੱਧਵਾਰ ਨੂੰ ਉਹ ਅੰਤਰਿਮ ਪ੍ਰੀਮੀਅਰ ਵਜੋਂ ਸੰਹੁ ਚੁੱਕਣਗੇ।

ਇਹ ਫੈਸਲਾ ਮੰਗਲਵਾਰ ਸ਼ਾਮ ਨੂੰ ਪ੍ਰੋਗਰੈਸਿਵ ਕੰਜ਼ਰਵੇਟਿਵ ਕਾਕਸ ਵੱਲੋਂ ਲਿਆ ਗਿਆ। ਗੋਏਰਟਜ਼ਨ, ਬੁੱਧਵਾਰ ਨੂੰ ਅਹੁਦਾ ਛੱਡਣ ਜਾ ਰਹੇ ਬ੍ਰਾਇਨ ਪੈਲਿਸਤਰ ਦੀ ਥਾਂ ਲੈਣਗੇ। ਪੀਸੀ ਕਾਕਸ ਚੇਅਰ ਗ੍ਰੈੱਗ



ਨੈਸਬਿੱਟ ਨੇ ਇੱਕ ਬਿਆਨ ਜਾਰੀ ਕਰਕੇ ਆਖਿਆ ਕਿ ਕਾਕਸ ਦੇ ਭਵਿੱਖ ਦੇ ਸਬੰਧ ਵਿੱਚ ਮੀਟਿੰਗ ਦੌਰਾਨ ਸਕਾਰਾਤਮਕ ਗੱਲਬਾਤ ਹੋਈ ਤੇ ਰਲ ਕੇ ...ਬਾਕੀ ਪੰਨਾ 5 'ਤੇ

Best Insurance Rates
*Life *Auto *Home *Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Aaxel Insurance Brokers Ltd.
1550 South Gateway Rd. Suite 220 Mississauga, ON L4W 5G6

## ਲਿਬਰਲਾਂ ਨੇ ਮੈਂਟਲ ਹੈਲਥ ਸਰਵਿਸਿਜ਼ ਵਿੱਚ ਸੁਧਾਰ ਕਰਨ ਦਾ ਕੀਤਾ ਵਾਅਦਾ

ਓਟਵਾ, 31 ਅਗਸਤ (ਪੋਸਟ ਬਿਊਰੋ) : ਲਿਬਰਲ ਆਗੂ ਜਸਟਿਨ ਟਰੂਡੋ ਨੇ ਮੰਗਲਵਾਰ ਨੂੰ ਦੇਸ਼ ਭਰ ਵਿੱਚ ਮੈਂਟਲ ਹੈਲਥ ਸੇਵਾਵਾਂ ਵਿੱਚ ਸੁਧਾਰ ਕਰਨ ਦੇ ਪਾਰਟੀ ਦੇ ਵਾਅਦੇ ਨੂੰ ਦੁਹਰਾਇਆ। ਟਰੂਡੋ ਦੇ ਮੁੱਖ ਵਿਰੋਧੀਆਂ ਵੱਲੋਂ ਵੀ ਇਹੋ ਵਾਅਦਾ ਕੀਤਾ ਗਿਆ।

ਟਰੂਡੋ ਨੇ ਕੈਨੇਡਾ ਦੇ ਮੈਂਟਲ ਹੈਲਥ ਟਰਾਂਸਫਰ ਦਾ ਖੁਲਾਸਾ



ਕਰਦਿਆਂ ਆਖਿਆ ਕਿ ਜਿਹੜੇ ਪ੍ਰੋਵਿੰਸ ਤੇ ਟੈਰੇਟਰੀਜ਼ ਇਸ ਵਿੱਚ ਹਿੱਸਾ ਲੈਣਗੇ ਉਨ੍ਹਾਂ ਨੂੰ ਉੱਚ ਪੱਧਰੀ, ਪਹੁੰਚ ਵਿੱਚ ...ਬਾਕੀ ਪੰਨਾ 5 'ਤੇ

## ਆਰਸੀਐਮਪੀ ਵਿੱਚ ਕੈਨੇਡੀਅਨਾਂ ਦਾ ਭਰੋਸਾ ਘਟਿਆ !

ਓਟਵਾ, 31 ਅਗਸਤ (ਪੋਸਟ ਬਿਊਰੋ) : ਤਾਜ਼ਾ ਜਾਰੀ ਕੀਤੇ ਗਏ ਅੰਕੜਿਆਂ ਤੋਂ ਇਹ ਸਾਹਮਣੇ ਆਇਆ ਹੈ ਕਿ ਜਨਤਾ ਦਾ ਆਰਸੀਐਮਪੀ ਤੋਂ ਭਰੋਸਾ ਉੱਠਦਾ ਜਾ ਰਿਹਾ ਹੈ। ਖਾਸਤੌਰ ਉੱਤੇ ਵੱਖ ਵੱਖ ਸੱਭਿਆਚਾਰਾਂ ਤੇ ਗਰੁੱਪਜ਼ ਦੇ ਲੋਕਾਂ ਨੂੰ ਇੰਜ ਮਹਿਸੂਸ ਹੋਣ ਲੱਗਿਆ ਹੈ ਕਿ ਆਰਸੀਐਮਪੀ ਉਨ੍ਹਾਂ ਦੀਆਂ ਲੋੜਾਂ ਵੱਲ ਕੋਈ ਧਿਆਨ ਨਹੀਂ ਦਿੰਦੀ।

ਮਾਊਂਟੀਜ਼ ਲਈ ਤਿਆਰ



ਕਰਵਾਏ ਗਏ ਇੱਕ ਸਾਲਾਨਾ ਸਰਵੇਖਣ ਵਿੱਚ ਹਿੱਸਾ ਲੈਣ ਵਾਲਿਆਂ ਵਿੱਚੋਂ 39 ਫੀ ਸਦੀ ਦਾ ਮੰਨਣਾ ਹੈ ਕਿ ਆਰਸੀਐਮਪੀ ...ਬਾਕੀ ਪੰਨਾ 5 'ਤੇ

## ਲਿਬਰਲਾਂ ਨੂੰ ਛੱਡ ਕੇ ਕੰਜ਼ਰਵੇਟਿਵਾਂ ਤੇ ਐਨਡੀਪੀ ਵੱਲ ਅਹੁਲ ਰਹੇ ਹਨ ਵੋਟਰ : ਰਿਪੋਰਟ

ਓਟਵਾ, 31 ਅਗਸਤ (ਪੋਸਟ ਬਿਊਰੋ) : ਇੱਕ ਨਵੇਂ ਸਰਵੇਖਣ ਤੋਂ ਸਾਹਮਣੇ ਆਇਆ ਹੈ ਕਿ ਫੈਡਰਲ ਚੋਣ ਕੈਂਪੇਨ ਦੇ ਦੂਜੇ ਮੱਧ ਵਿੱਚ ਕੰਜ਼ਰਵੇਟਿਵ ਤੇ ਐਨਡੀਪੀ ਦਾ ਪੱਲੜਾ ਭਾਰੀ ਹੋ ਰਿਹਾ ਹੈ ਜਦਕਿ ਲਿਬਰਲਾਂ ਦਾ ਸਮਰਥਨ ਖੁੱਸਦਾ ਜਾ ਰਿਹਾ ਹੈ।

ਲੈਗਰ ਸਰਵੇਖਣ ਵਿੱਚ ਹਿੱਸਾ ਲੈਣ ਵਾਲੇ ਚੌਂਤੀ ਫੀ ਸਦੀ ਵੋਟਰਜ਼ ਨੇ ਆਖਿਆ ਕਿ ਉਹ ਐਰਿਨ ਓਟੂਲ ਦੀ ਅਗਵਾਈ ਵਾਲੀ ਕੰਜ਼ਰਵੇਟਿਵ ਪਾਰਟੀ ਦਾ ਸਮਰਥਨ ਕਰਦੇ ਹਨ ਤੇ ਇਹ ਅੰਕ 16 ਅਗਸਤ ਨੂੰ ਕੈਂਪੇਨ ਸ਼ੁਰੂ ਹੋਣ ਤੋਂ ਲਿਬਰਲਾਂ ਨਾਲੋਂ 4 ਫੀ ਸਦੀ ਵੱਧ ਹਨ। ਜਗਮੀਤ ਸਿੰਘ ਦੀ ਐਨਡੀਪੀ ਵੀ ਚਾਰ ਅੰਕ ਵੱਧ ਹਾਸਲ ਕਰਨ ਵਿੱਚ ਕਾਮਯਾਬ ਹੋਈ ਹੈ ਤੇ ਹੁਣ ਉਸ ਦੇ 24 ਫੀ ਸਦੀ ਅੰਕ ਹੋ ਗਏ ਹਨ। ਇਸ ਦੌਰਾਨ ਜਸਟਿਨ ਟਰੂਡੋ ਦੀ ...ਬਾਕੀ ਪੰਨਾ 5 'ਤੇ

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

Dubai Jewellers
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
Dubai Jewellers
Raj & Gulshan
Mob: 416-465-1200
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive Unit #19, Brampton Ontario L6S 0E9
North Park & Airport Major Intersection
www.dubaijewellers.ca
info@dubaijewellers.ca

SUPER VISA INSURANCE EXPERTS
Punjab Insurance Inc
Super Visa Monthly plans available
7003 Steeles Ave. W, Unit 10 Etobicoke, ON, M9W 0A2
gill@punjabinsurance.ca
416-724-5000
RANJIT GILL Insurance Advisor
- Disability Insurance
- Mortgage Insurance
- Life Insurance
- Visitor Insurance
- Travel Insurance
- RESP(Education Plan)
- Critical Illness Insurance

INSURANCE
- Home
- Business
- Life Insurance
- Auto
- Trucking
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovarid Dr. W. Brampton, ON L6X0T9 | www.ufsinsurance.com

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Axel InsuranceBrokers Ltd. 1332 Khalsa Dr, Unit # 11, Mississauga, ON L5S 0A2

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Advice you can bank on. Inc.
Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L4T 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

REXDALE BODY SHOP USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Towing Service Car Paint Starts $799*upto 100% Deductible Paid*
Call Rick or Manminder Cheema: 416.749.9596 /416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Cockroaches
- Spiders & Fleas
- Carpenter Ants
- Bedbugs
- Silver Fish
- Wasps
- Racoons
Call : PARESH PATEL
416 938 4598

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


chatr
AUTHORIZED DEALER
VISIT US AT:
1 PROMENADE CIRCLE
THORNHILL, ON
NEAR ENTRANCE #3
GRAND
OPENING
EVENT!
SUNDAY, AUGUST 29TH
GET UP TO
50% OFF
FIRST MONTH*
+
PHONE SPECIALS
& GIVEAWAYS
*Offer subject to change without notice. Available only at the participating location(s) from August 3rd – August 29th, 2021. Only applicable to new activations with the sign-up of pre-authorized payments with Auto-pay. ™ Trademarks used under license ©2021

# ਵੈਨ ਤੇ ਮੋਟਰਸਾਈਕਲ ਦੀ ਟੱਕਰ ਵਿੱਚ ਇੱਕ ਹਲਾਕ



ਬਰੈਂਪਟਨ, 31 ਅਗਸਤ (ਪੋਸਟ ਬਿਊਰੋ): ਸਿਟੀ ਦੇ ਹਾਈ ਪਾਰਕ ਏਰੀਆ ਵਿੱਚ ਮੋਟਰਸਾਈਕਲ ਤੇ ਵੈਨ ਦਰਮਿਆਨ ਹੋਈ ਟੱਕਰ ਵਿੱਚ ਮੋਟਰਸਾਈਕਲਿਸਟ ਦੀ ਮੌਤ ਹੋ ਗਈ।

ਪੁਲਿਸ ਨੇ ਦੱਸਿਆ ਕਿ ਮੋਟਰਸਾਈਕਲਿਸਟ ਆਪਣੇ 30ਵਿਆਂ ਵਿੱਚ ਸੀ। ਉਹ ਪੱਛਮ ਵੱਲ ਜਾ ਰਿਹਾ ਸੀ ਜਦੋਂ ਇੰਡੀਅਨ ਰੋਡ ਨੇੜੇ ਬਲੂਅਰ ਸਟਰੀਟ ਵੈਸਟ ਉੱਤੇ ਰਾਤੀਂ 10:00 ਵਜੇ ਇੱਕ ਵੈਨ ਨਾਲ ਉਸ ਦੇ ਮੋਟਰਸਾਈਕਲ ਦੀ ਟੱਕਰ ਹੋ ਗਈ। ਜਦੋਂ ਐਮਰਜੰਸੀ ਅਮਲਾ ਮੌਕੇ ਉੱਤੇ ਪਹੁੰਚਿਆ ਤਾਂ ਉਨ੍ਹਾਂ ਨੂੰ ਮੋਟਰਸਾਈਕਲਿਸਟ ਗੱਡੀ ਦੇ ਥੱਲੇ ਫਸਿਆ ਹੋਇਆ ਮਿਲਿਆ। ਉਸ ਦੀ ਹਾਲਤ ਕਾਫੀ ਨਾਜ਼ੁਕ ਸੀ।

ਉਸ ਨੂੰ ਬਚਾਉਣ ਦੀ ਕਾਫੀ ਕੋਸ਼ਿਸ਼ ਕੀਤੀ ਗਈ ਪਰ ਮੌਕੇ ਉੱਤੇ ਹੀ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਿਸ ਹਾਦਸੇ ਦੇ ਅਸਲ ਕਾਰਨਾਂ ਦਾ ਪਤਾ ਲਾ ਰਹੀ ਹੈ।

# ਕਾਬੁਲ ਸੰਕਟ ਲਈ ਗਨੀ ਜ਼ਿੰਮੇਵਾਰ, ਪੈਸਾ ਮੋੜਨਾ ਪਵੇਗਾ : ਤਾਲਿਬਾਨ

ਕਾਬੁਲ, 31 ਅਗਸਤ (ਪੋਸਟ ਬਿਊਰੋ)- ਅਫਗਾਨਿਸਤਾਨ ਦੇ ਸਾਬਕਾ ਰਾਸ਼ਟਰਪਤੀ ਅਸ਼ਰਫ ਗਨੀ ਨੂੰ ਕਾਬੁਲ ਵਿਚਲੀ ਗੜਬੜ ਲਈ ਜ਼ਿੰਮੇਵਾਰ ਠਹਿਰਾਉਂਦੇ ਹੋਏ ਤਾਲਿਬਾਨ ਨੇ ਕਿਹਾ ਕਿ ਅਸ਼ਰਫ ਗਨੀ ਜਿੰਨਾ ਵੀ ਪੈਸਾ ਆਪਣੇ ਨਾਲ ਲੈ ਕੇ ਗਏ ਹਨ, ਉਹ ਅਫਗਾਸਿਤਾਨ ਨੂੰ ਮੋੜਨਾ ਪਵੇਗਾ। ਤਾਲਿਬਾਨ ਦੇ ਬੁਲਾਰੇ ਸੁਹੈਲ ਸ਼ਾਹੀਨ ਨੇ ਕਿਹਾ ਕਿ ਸਾਬਕਾ ਰਾਸ਼ਟਰਪਤੀ ਨੇ ਅਚਾਨਕ ਸਰਕਾਰ ਛੱਡ ਕੇ ਗਲਤੀ ਕੀਤੀ। ਸ਼ਾਹੀਨ ਨੇ ਕਿਹਾ ਕਿ ਤਾਲਿਬਾਨੀ ਕਾਬੁਲ ਵਿੱਚ ਸੱਤਾ ਦੀ ਸ਼ਾਂਤੀਪੂਰਨ ਤਬਦੀਲੀ ਦੀ ਆਸ ਕਰਦੇ ਸਨ ਤੇ ਲੜਾਕੇ ਕਾਬੁਲ ਦੇ ਗੇਟ ਉੱਤੇ ਉਡੀਕ ਕਰ ਰਹੇ ਸਨ ਪਰ ਅਸ਼ਰਫ ਗਨੀ ਅਚਾਨਕ ਭੱਜ ਗਏ। ਇਸਦੇ ਸਿੱਟੇ ਵਜੋਂ ਲੁੱਟਮਾਰ ਅਤੇ ਗੋਲੀਬਾਰੀ ਦੀਆਂ ਘਟਨਾਵਾਂ ਹੋਈਆਂ।ਹੋਰ ਜਾਣਕਾਰੀ ਅਨੁਸਾਰ ਤਾਲਿਬਾਨ ਦੀ ਵਾਪਸੀ ਪਿੱਛੋਂ ਅਫਗਾਨਿਸਤਾਨ ਵਿੱਚ ਦੁਨੀਆ ਭਰ ਦੇ ਮੋਸਟ ਵਾਂਟੇਡ ਅੱਤਵਾਦੀ ਇਕੱਠੇ ਹੋਣ ਲੱਗ ਪਏ ਹਨ।ਕਈ ਸਾਲਾਂ ਬਾਅਦ ਅੱਤਵਾਦੀ ਸੰਗਠਨ ਅਲਕਾਇਦਾ ਦਾ ਟਾਪ ਕਮਾਂਡਰ ਅਮੀਨ-ਉਲ-ਹਕ ਵੀ ਅਫਗਾਨਿਸਤਾਨ ਆ ਗਿਆ ਹੈ। ਉਹ 1980 ਦੇ ਦਹਾਕੇ ਤੋਂ ਓਸਾਮਾ ਬਿਨ ਲਾਦੇਨ ਨਾਲ ਜੁੜਿਆ ਸੀ। ਜਦੋਂ ਲਾਦੇਨ ਦੋਰਾ-ਵੋਰਾ ਦੀਆਂ ਪਹਾੜੀਆਂ ਵਿੱਚ ਸੀ ਤਾਂ ਹਕ ਉਸ ਦੀ ਸੁਰੱਖਿਆ ਦਾ ਕੰਮ ਵੇਖਦਾ ਸੀ।ਹਕ ਜਦੋਂ ਆਇਆ ਤਾਂ ਉਸ ਦੇ ਨਾਲ ਸੁਰੱਖਿਆ ਦੇ ਭਾਰੀ ਪ੍ਰਬੰਧ ਸਨ। ਉਹ ਖੁਦ ਆਪਣੀ ਗੱਡੀ ਚਲਾ ਰਿਹਾ ਸੀ ਅਤੇ ਉਸ ਦੇ ਸਮਰਥਕ ਉਸ ਦੇ ਨਾਲ ਸੈਲਫੀ ਖਿਚਵਾ ਰਹੇ ਸਨ।

# ਬਰੈਂਪਟਨ ਵਿੱਚ ਦੋ ਗੱਡੀਆਂ ਦੀ ਟੱਕਰ ਵਿੱਚ 3 ਜ਼ਖ਼ਮੀ


ਬਰੈਂਪਟਨ, 31 ਅਗਸਤ (ਪੋਸਟ ਬਿਊਰੋ): ਇੱਥੇ ਦੋ ਗੱਡੀਆਂ ਦੀ ਟੱਕਰ ਕਾਰਨ ਤਿੰਨ ਵਿਅਕਤੀ ਜ਼ਖ਼ਮੀ ਹੋ ਗਏ ਤੇ ਉਨ੍ਹਾਂ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ। ਇਸ ਹਾਦਸੇ ਵਿੱਚ ਇੱਕ ਰਾਹਗੀਰ ਵੀ ਜ਼ਖ਼ਮੀ ਹੋਇਆ।

ਰਾਤੀਂ 8:00 ਵਜੇ ਹਾਦਸੇ ਦੀ ਖਬਰ ਮਿਲਣ ਤੋਂ ਬਾਅਦ ਪੁਲਿਸ ਕੰਟਰੀਸਾਈਡ ਡਰਾਈਵ ਤੇ ਮਾਊਨਟੇਨੈਸ਼ ਰੋਡ ਉੱਤੇ ਪਹੁੰਚੀ।ਹਾਦਸੇ ਦੌਰਾਨ ਇੱਕ ਗੱਡੀ ਪਲਟ ਗਈ ਤੇ ਰਾਹਗੀਰ ਵੀ ਇਸ ਹਾਦਸੇ ਦਾ ਸ਼ਿਕਾਰ ਹੋ ਗਿਆ। ਇੱਕ ਲੜਕੀ, ਜੋ ਕਿ ਆਪਣੇ 20ਵਿਆਂ ਵਿੱਚ ਸੀ, ਤੇ ਇੱਕ ਬਜ਼ੁਰਗ ਨੂੰ ਗੰਭੀਰ ਹਾਲਤ ਵਿੱਚ ਟਰੌਮਾ ਸੈਂਟਰ ਲਿਜਾਇਆ ਗਿਆ ਜਦਕਿ ਇੱਕ ਲੜਕਾ, ਜੋ ਕਿ ਆਪਣੇ 20ਵਿਆਂ ਵਿੱਚ ਸੀ, ਨੂੰ ਮਾਮੂਲੀ ਜ਼ਖ਼ਮੀ ਹਾਲਤ ਵਿੱਚ ਲੋਕਲ ਹਸਪਤਾਲ ਲਿਜਾਇਆ ਗਿਆ।

ਹਾਦਸੇ ਦੇ ਕਾਰਨਾਂ ਦਾ ਪਤਾ ਲਾਉਣ ਲਈ ਜਾਂਚਕਾਰ ਮੌਕੇ ਦਾ ਮੁਆਇਨਾ ਕਰ ਰਹੇ ਸਨ। ਇਲਾਕੇ ਵਿੱਚ ਸੜਕਾਂ ਬੰਦ ਕੀਤੇ ਜਾਣ ਦੀ ਸੰਭਾਵਨਾ ਹੈ।


UK TRUCK TRAINING CENTRE
PCC #179958
Registered as a Private Careers College

ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge



Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ

Forklift Training




Counterbalance
Reach Truck

ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।

We help in Written Test & in Finding Jobs

20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ

7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936



# Great Invetsment Opportunity

## In The Region of Timminis,ON


8 ACRE OF lAND CAN BE SEVERD IN TWO LOTS OF 4 ACRE

Apartment Building For Sale:

| 4 units 3 bedroom | 2 units 1 bedroom | 1 unit bachelor |
|---|---|---|








For More Details Call: 416-970-5005/647-242-8667



Jas Toor
Sales Repersentative
Sutton
Sutton Group-Realty Experts
Brokerage*

Jagdish Grewal
Sales Repersentative
Century 21
President Realty Inc.
Brokerage*



## ਅੱਜ ਨਾਮਾ

ਲੰਘੀ ਵਕਤ ਜਾਂਦਾ, ਹੋਵੇ ਕੰਮ ਕੋਈ ਨਾ,
ਪਬਲਿਕ ਹੋਈ ਆ ਪੱਬਾਂ ਦੇ ਭਾਰ ਬੇਲੀ।
ਰੱਫੜ ਮੁੱਕਾ ਨਾ ਅਜੇ ਵੀ ਕਾਂਗਰਸ ਦਾ,
ਹੋ ਰਹੀ ਦਿੱਲੀ ਦੇ ਤੀਕ ਵਿਚਾਰ ਬੇਲੀ।
ਪਾਰਟੀ ਆਪ ਨਹੀਂ ਲੱਭੇ ਪੰਜਾਬ ਅੰਦਰ,
ਗਾਹੁੰਦੀ ਦਿੱਲੀ ਦਾ ਫਿਰੇ ਬਾਜ਼ਾਰ ਬੇਲੀ।
ਇੱਕੋ ਘੁੰਮੀ ਹੈ ਸਿਰਫ ਸੁਖਬੀਰ ਜਾਂਦਾ,
ਗੇੜਾ ਪਿੰਡਾਂ ਦਾ ਰਿਹਾ ਉਹ ਮਾਰ ਬੇਲੀ।
ਇੱਕੋ ਪਾਰਟੀ ਪਿੰਡਾਂ ਦੇ ਤਰਫ ਨਿਕਲੀ,
ਔਖੀ ਉਹਦੀ ਵੀ ਬੜੀ ਆ ਜਾਨ ਬੇਲੀ।
ਜਿੱਧਰ ਜਾਂਦੇ ਉਹ ਸੁਣੀਂਦੀ ਖੱਪ ਪੈਂਦੀ,
ਥਾਂ-ਥਾਂ ਲੈਂਦੇ ਆ ਘੇਰ ਕਿਰਸਾਨ ਬੇਲੀ।

**ਤੀਸ ਮਾਰ ਖਾਂ**

# ਅਫਗਾਨਿਸਤਾਨ ਤੋਂ ਅਮਰੀਕੀ ਫੌਜ ਨਿਕਲਦੇ ਸਾਰ ਭਾਰਤ-ਤਾਲਿਬਾਨ ਗੱਲਬਾਤ ਸ਼ੁਰੂ

ਨਵੀਂ ਦਿੱਲੀ, 31 ਅਗਸਤ, (ਪੋਸਟ ਬਿਊਰੋ)-ਵੀਹ ਸਾਲ ਲੰਮੀ ਜੰਗੀ ਮੁਹਿੰਮ ਪਿੱਛੋਂ ਅਫਗਾਨਿਸਤਾਨ ਵਿੱਚੋਂ ਅਮਰੀਕੀ ਫੌਜ ਦੇ ਨਿਕਲਦੇ ਸਾਰ ਅੱਜ ਮੰਗਲਵਾਰ ਭਾਰਤ ਤੇ ਤਾਲਿਬਾਨ ਵਿਚਾਲੇ ਰਸਮੀ ਗੱਲਬਾਤ ਸ਼ੁਰੂ ਹੋਣ ਦੀ ਖਬਰ ਆ ਗਈ ਹੈ, ਜਿਸ ਤੋਂ ਭਾਰਤ-ਅਫਗਾਨਿਸਤਾਨ ਸੰਬੰਧਾਂ ਵਿੱਚ ਨਵਾਂ ਦੌਰ ਸ਼ੁਰੂ ਹੋਣ ਦੀ ਆਸ ਹੈ।

ਅੱਜ ਮੰਗਲਵਾਰ ਤੜਕੇ ਤੱਕਅਮਰੀਕੀ ਫੌਜਾਂ ਦੀ ਅਫਗਾਨਿਸਤਾਨ ਤੋਂ ਵਾਪਸੀ ਦਾ ਕੰਮ ਪੂਰਾ ਹੋ ਗਿਆ ਤੇ ਇਸ ਪਿੱਛੋਂ ਅੱਜ ਖਾੜੀ ਦੇ ਦੇਸ਼ ਕਤਰ ਦੀ ਰਾਜਧਾਨੀ ਦੋਹਾ ਵਿੱਚ ਭਾਰਤ-ਤਾਲਿਬਾਨ ਦੀ ਬਾਕਾਇਦਾਗੱਲਬਾਤ ਸ਼ੁਰੂਹੋ ਗਈ ਹੈ। ਭਾਰਤੀ ਵਿਦੇਸ਼ ਮੰਤਰਾਲਾ ਦੇ ਮੁਤਾਬਕ ਕਤਰ ਵਿੱਚ ਭਾਰਤ ਦੇ ਰਾਜਦੂਤ ਦੀਪਕ ਮਿੱਤਲ ਦੀ ਦੋਹਾ ਵਿੱਚ ਤਾਲਿਬਾਨ ਨੇਤਾਵਾਂ ਨਾਲ ਅੱਜ ਬੈਠਕ ਹੋਈ ਹੈ। ਇਸ ਦੌਰਾਨ ਅਮਰੀਕੀ ਵਿਦੇਸ਼ ਮੰਤਰੀ ਐਂਟਨੀ ਬਲਿੰਟਨ ਨੇ ਕਿਹਾ ਅਮਰੀਕਾ ਕਤਰ ਦੀ ਰਾਜਧਾਨੀ ਦੋਹਾ ਤੋਂ ਅਫਗਾਨਿਸਤਾਨ ਦੇ ਮਾਮਲਿਆਂ ਨੂੰ ਵੇਖੇਗਾ ਅਤੇ ਭਾਰਤ ਵੀ ਏਦਾਂ ਕਰਦਾ ਜਾਪਦਾ ਹੈ।



ਭਾਰਤ ਦੇ ਵਿਦੇਸ਼ ਮੰਤਰਾਲੇਦੇ ਬਿਆਨਮੁਤਾਬਕ 'ਅੱਜ ਮੰਗਲਵਾਰ ਭਾਰਤੀ ਰਾਜਦੂਤ ਦੀਪਕ ਮਿੱਤਲ ਨੇ ਕਤਰ ਦੀ ਰਾਜਧਾਨੀ ਦੋਹਾ ਵਿੱਚ ਤਾਲਿਬਾਨ ਦੇ ਰਾਜਨੀਤਕ ਦਫ਼ਤਰ ਦੇ ਮੁਖੀ ਸ਼ੇਰ ਮੁਹੰਮਦ ਅੱਬਾਸ ਸਟੇਨਕਜਈ ਨਾਲ ਬੈਠਕ ਕੀਤੀ। ਇਹ ਮੁਲਾਕਾਤ ਤਾਲਿਬਾਨ ਦੀ ਅਪੀਲ ਉੱਤੇ ਦੋਹਾ ਵਿਚਲੇ ਭਾਰਤੀ ਦੂਤਘਰ ਵਿੱਚ ਹੋਈ ਹੈ। ਭਾਰਤ ਸਰਕਾਰ ਦੇ ਬਿਆਨ ਮੁਤਾਬਕਬੈਠਕ ਵਿੱਚ ਸੁਰੱਖਿਆ ਅਤੇ ਅਫਗਾਨਿਸਤਾਨ ਵਿੱਚ ਫਸੇ ਹੋਏ ਭਾਰਤੀ ਨਾਗਰਿਕਾਂ ਦੀ ਛੇਤੀ ਵਾਪਸੀ ਬਾਰੇ ਗੱਲਬਾਤ ਹੋਈ। ਅਫਗਾਨ ਨਾਗਰਿਕਾਂ, ਖਾਸਕਰ ਕੇ ਘੱਟ-ਗਿਣਤੀਆਂ ਨਾਲ ਸੰਬੰਧਤ ਜਿਹੜੇ ਲੋਕ ਭਾਰਤ ਆਉਣਾ ਚਾਹੁੰਦੇ ਹਨ, ਉਨ੍ਹਾਦਾ ਮੁੱਦਾ ਵੀ ਓਥੇ ਵਿਚਾਰਿਆ ਗਿਆ ਹੈ।ਭਾਰਤੀ ਰਾਜਦੂਤ ਮਿੱਤਲ ਨੇ ਤਾਲਿਬਾਨ ਆਗੂਆਂ ਨੂੰਭਾਰਤ ਦੀ ਚਿੰਤਾ ਤੋਂ ਜਾਣੂ ਕਰਵਾ ਕੇ ਸਪੱਸ਼ਟ ਕਿਹਾ ਕਿ ਅਫਗਾਨਿਸਤਾਨੀ ਜ਼ਮੀਨ ਦੀ ਵਰਤੋਂ ਭਾਰਤ ਵਿਰੋਧੀ ਗਤੀਵਿਧੀਆਂ ਤੇ ਕਿਸੇ ਵੀ ਤਰ੍ਹਾਂਦੇ ਅੱਤਵਾਦ ਲਈ ਨਹੀਂ ਹੋਣੀ ਚਾਹੀਦੀ। ਤਾਲਿਬਾਨ ਆਗੂ ਨੇ ਨੂੰ ਭਰੋਸਾ ਦਿੱਤਾ ਕਿ ਭਾਰਤ ਦੀਆਂ ਸਭ ਚਿੰਤਾਵਾਂਦਾ ਧਿਆਨਰੱਖਿਆ ਜਾਵੇਗਾ।ਤਾਲਿਬਾਨ ਦੇ ਪ੍ਰਮੁੱਖ ਨੇਤਾ ਸ਼ੇਰ ਮੁਹੰਮਦ ਅੱਬਾਸ ਸਟੇਨਕਜਈ ਨੇ ਪਿੱਛੇ ਜਿਹੇ ਭਾਰਤ ਨੂੰ ਇਸ ਇਲਾਕੇ ਦਾ ਅਹਿਮ ਦੇਸ਼ ਦੱਸਿਆ ਤੇ ਕਿਹਾ ਸੀ ਕਿ ਤਾਲਿਬਾਨ ਭਾਰਤ ਨਾਲ ਚੰਗੇ ਰਿਸ਼ਤੇ ਚਾਹੁੰਦਾ ਹੈ। ਸਟੇਨਕਜਈ ਨੇ ਕਿਹਾ ਕਿ ਅਸੀਂ ਭਾਰਤ ਨਾਲ ਵਪਾਰਕ, ਆਰਥਿਕ ਅਤੇ ਰਾਜਨੀਤਕ ਰਿਸ਼ਤੇ ਰੱਖਣਾ ਚਾਹੁੰਦੇ ਹਾਂ।

# ਨਵਜੋਤ ਸਿੱਧੂ ਤੇ ਕੈਪਟਨ ਅਮਰਿੰਦਰ ਨੂੰ ਜੋੜਨ ਲਈ ਹਰੀਸ਼ ਰਾਵਤ ਫਿਰ ਚੰਡੀਗੜ੍ਹ ਵਿੱਚ

* ਸਿੱਧੂ-ਰਾਵਤ ਵਿਚਾਲੇ ਕਈ ਮੁੱਦਿਆਂ ਉੱਤੇ ਗੱਲਬਾਤ * ਸਾਰੇ ਬਿਜਲੀ ਸਮਝੌਤੇ ਤੋੜਨ ਦੀ ਗੱਲ ਕੈਪਟਨ ਵੱਲੋਂ ਰੱਦ

ਚੰਡੀਗੜ੍ਹ, 31 ਅਗਸਤ, (ਪੋਸਟ ਬਿਊਰੋ)- ਪੰਜਾਬ ਕਾਂਗਰਸ ਵਿੱਚ ਰੱਫੜ ਮੁਕਾਉਣ ਲਈ ਪਾਰਟੀ ਹਾਈ ਕਮਾਂਡ ਵੱਲੋਂ ਪੰਜਾਬ ਦੇ ਇੰਚਾਰਜ ਹਰੀਸ਼ ਰਾਵਤ ਅੱਜ ਮੰਗਲਵਾਰ ਸ਼ਾਮ ਫਿਰ ਚੰਡੀਗੜ੍ਹ ਆਏ ਅਤੇ ਕੈਬਨਿਟ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਨੂੰ ਮਿਲਣ ਪਿੱਛੋਂ ਕਾਂਗਰਸ ਭਵਨ ਵਿੱਚ ਨਵਜੋਤ ਸਿੰਘ ਸਿੱਧੂਤੇ ਹੋਰ ਮੰਤਰੀਆਂ ਤੇ ਵਿਧਾਇਕਾਂ ਨਾਲ ਬੈਠਕ ਕੀਤੀ। ਸਿੱਧੂਧੜੇ ਦੇ ਮੰਤਰੀਆਂ ਨੇ ਇੱਕ ਵਾਰ ਫਿਰ ਪੰਜਾਬ ਵਿੱਚਲੀਡਰਸ਼ਿਪ ਬਦਲਣ ਦੀ ਮੰਗ ਚੁੱਕੀ ਤਾਂਰਾਵਤ ਨੇ ਸਪੱਸ਼ਟ ਕਿਹਾ ਕਿ ਮੌਕਾ ਬਦਲਾਅ ਕਰਨ ਦਾ ਨਹੀਂ, ਸੰਗਠਨ ਨੂੰ ਮਜ਼ਬੂਤ ਕਰਨ ਦਾ ਹੈ।

ਵਰਨਣ ਯੋਗ ਹੈ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਵਜੋਂ ਨਵਜੋਤ ਸਿੰਘ ਸਿੱਧੂ ਦੀ ਨਿਯੁਕਤੀ ਪਿੱਛੋਂਸਿੱਧੂਤੇ ਉਨ੍ਹਾਂ ਦੇ ਧੜੇ ਦੇ ਮੰਤਰੀ ਅਤੇ ਵਿਧਾਇਕ ਆਪਣੀ ਸਰਕਾਰ ਵਿਰੁੱਧਲਗਾਤਾਰ ਬਿਆਨ ਦੇ ਰਹੇ ਹਨ।ਪਿੱਛੇ ਜਿਹੇਸਿੱਧੂਧੜੇ ਨੇ ਪੰਜਾਬ-ਸਰਕਾਰ ਦੀ ਲੀਡਰਸ਼ਿਪ ਬਦਲਣਦੀ ਮੰਗ ਪੂਰੇ ਜ਼ੋਰ ਨਾਲ ਕੀਤੀ ਸੀ ਤੇ ਪੰਜਾਬ ਕਾਂਗਰਸਦੇ ਇਸ ਮੁੜ ਕੇ ਸ਼ੁਰੂ ਹੋਏ ਘਮਾਸਾਨ ਨੂੰ ਸੁਲਝਾਉਣਪੰਜਾਬ



ਦੇ ਇੰਚਾਰਜ ਹਰੀਸ਼ ਰਾਵਤ ਫਿਰ ਚੰਡੀਗੜ੍ਹ ਪੁੱਜੇ ਹਨ।ਅੱਜ ਸ਼ਾਮ ਹਰੀਸ਼ ਰਾਵਤ ਨੇ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ, ਪੰਜਾਬ ਕਾਂਗਰਸ ਦੇ ਵਰਕਿੰਗ ਪ੍ਰਧਾਨਕੁਲਜੀਤ ਸਿੰਘ ਨਾਗਰਾ ਅਤੇ ਵਿਧਾਇਕ ਪਰਗਟ ਸਿੰਘ ਨਾਲ ਮੁਲਾਕਾਤ ਕੀਤੀ। ਕੁਝ ਦੇਰ ਵਿਚਾਰ ਤੋਂ ਬਾਅਦ ਰਾਵਤ ਇੱਕੋ ਗੱਡੀ ਵਿੱਚਕੁਲਜੀਤ ਸਿੰਘ ਨਾਗਰਾ ਅਤੇ ਪਰਗਟ ਸਿੰਘ ਨਾਲ ਪਾਰਟੀ ਦਫ਼ਤਰ ਪੁੱਜੇ, ਜਿੱਥੇ ਪਾਰਟੀ ਪ੍ਰਧਾਨ ਨਵਜੋਤ ਸਿੰਘ ਸਿੱਧੂ ਨਾਲ ਉਨ੍ਹਾਂ ਦੀ ਬੈਠਕ ਹੋਈ। ਪਾਰਟੀ ਸੂਤਰਾਂ ਅਨੁਸਾਰ ਇਸ ਦੌਰਾਨ ਸਿੱਧੂਧੜੇ ਨੇ ਫਿਰ ਪੰਜਾਬ ਵਿੱਚ ਲੀਡਰਸ਼ਿਪ ਤਬਦੀਲੀ ਦੀ ਮੰਗ ਕੀਤੀ, ਪਰ ਇਸ ਮੌਕੇ ਸਿੱਧੂ ਖੁਦ ਬਹੁਤਾ ਨਹੀਂ ਬੋਲੇ।ਹਰੀਸ਼ ਰਾਵਤ ਨੇ ਇਹ ਮੰਗ ਰੱਦ ਕਰਕੇ ਸਭ ਨੂੰ ਕਿਹਾ ਕਿ ਚੋਣਾਂ ਨੇੜੇ ਹਨ, ਇਸ ਵੇਲੇ ਸੰਗਠਨਦੀ ਮਜ਼ਬੂਤੀ ਨਾਲ ਕੰਮ ਕਰਨਾ ਜ਼ਰੂਰੀ ਹੈ।ਉਨ੍ਹਾ ਕਿਹਾ ਕਿ ਚੋਣਾਂ ਵਿੱਚ ਪਾਰਟੀ ਦੀ ਜਿੱਤ ਲਈ ਸਭ ਨੂੰ ਯੋਗਤਾ ਅਨੁਸਾਰ ਕੰਮ ਦਿੱਤਾ ਜਾਵੇਗਾਤੇ ਇਸ ਦੇ ਲਈ ਛੇਤੀ ਕਮੇਟੀਆਂ ਬਣਾਈਆਂ ਜਾਣਗੀਆਂ, ਜਿਸ ਬਾਰੇ ਆਉਣ ਵਾਲੇ 15 ਦਿਨਾਂ ਦੇ ਅੰਦਰ ਸੰਗਠਨ ਦੇ ਢਾਂਚੇ ਦਾ ਕੰਮ ਸ਼ੁਰੂ ਹੋ ਜਾਵੇਗਾ।

ਦੂਸਰੇ ਪਾਸੇ ਅੱਜ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇਰਾਜ ਸਰਕਾਰ ਦੇ ਬਿਜਲੀ ਸਮਝੌਤਿਆਂ ਬਾਰੇ ਤਿੱਖਾ ਬਿਆਨ ਦੇ ਦਿੱਤਾ ਹੈ ਕਿ ਸਾਰੇ ਬਿਜਲੀ ਸਮਝੌਤੇ ਰੱਦ ਨਹੀਂ ਕੀਤੇ ਜਾ ਸਕਦੇ। ਉਨ੍ਹਾਂ ਦੱਸਿਆ ਕਿ ਇਸ ਵੇਲੇ ਪੰਜਾਬ ਨੂੰ 14000 ਮੈਗਾਵਾਟ ਬਿਜਲੀ ਦੀ ਲੋੜ ਹੈ ਤੇ ਇਸ ਦੇ 122 ਬਿਜਲੀ ਸਮਝੌਤੇ ਹਨ। ਖਰੀਦਣ ਬਿਨਾਂ ਰਾਜ ਵਿਚ ਬਿਜਲੀ ਦੀ ਮੰਗ ਪੂਰੀ ਨਹੀਂ ਹੋ ਸਕਦੀ, ਇਸ ਲਈ ਸਾਰੇ ਸਮਝੌਤੇਰੱਦ ਨਹੀਂ ਕੀਤੇ ਜਾ ਸਕਦੇ।

ਵਰਨਣ ਯੋਗ ਹੈ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਬਿਜਲੀ ਦੇ ਸਮਝੌਤੇ ਰੱਦ ਕਰਨ ਦੀ ਮੰਗ ਲਗਾਤਾਰ ਕਰ ਰਹੇ ਹਨ, ਪਰਮੁੱਖ ਮੰਤਰੀ ਨੇ ਕਿਹਾ ਕਿ ਜੇ ਸਮਝੌਤੇ ਰੱਦਕੀਤੇ ਤਾਂ ਉਹ ਸੁਪਰੀਮ ਕੋਰਟ ਚਲੇ ਜਾਣਗੇ ਤੇ ਸਾਨੂੰ ਸੁਪਰੀਮ ਕੋਰਟ ਦੇ ਚੱਕਰ ਲਾਉਣੇ ਪੈਣਗੇ।ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਹ ਨਹੀਂ ਦੱਸਿਆ ਕਿ ਕਿਹੜੇ ਬਿਜਲੀ ਸਮਝੌਤੇ ਰੱਦ ਹੋ ਸਕਦੇ ਹਨ ਅਤੇ ਕਿਹੜੇ ਰੱਦ ਨਹੀਂ ਕੀਤੇ ਜਾ ਸਕਦੇ।

## ਅਫਗਾਨਿਸਤਾਨ ਤੋਂ ਨਿਕਲ ਕੇ ਅਮਰੀਕੀ ਫੌਜ ਦੇ ਪਾਕਿ ਵਿੱਚ ਪੜਾਅ ਕਰਨ ਦੇ ਚਰਚੇ ਸ਼ੁਰੂ

* ਪਾਕਿ ਮੰਤਰੀ ਨੇ ਕਿਹਾ: ਅਮਰੀਕੀ ਸਿਰਫ ਸੱਤ ਦਿਨ ਠਹਿਰਨਗੇ



ਇਸਲਾਮਾਬਾਦ, 31 ਅਗਸਤ, (ਪੋਸਟ ਬਿਊਰੋ)- ਅਫ਼ਗਾਨਿਸਤਾਨ ਤੋਂ ਮੁੜੀ ਹੋਈ ਅਮਰੀਕੀ ਫੌਜ ਪਾਕਿਸਤਾਨ ਵਿੱ-ਚਰੁਕਣ ਬਾਰੇ ਬਹਿਸ ਛਿੜ ਗਈ ਹੈ। ਇਸ ਕਾਰਨ ਵਿੱਚ ਨਿਸ਼ਾਨੇ ਉੱਤੇ ਆਈ ਇਮਰਾਨ ਖਾਨ ਸਰਕਾਰ ਦੇ ਗ੍ਰਹਿ ਮੰਤਰੀ ਨੇ ਕਿਹਾ ਹੈ ਕਿ ਅਮਰੀਕੀ ਫ਼ੌਜ ਆਰਜ਼ੀ ਤੌਰ ਉੱਤੇ ਕੁਝ ਸਮੇਂ ਲਈ ਰੁਕੀ ਹੋਈ ਹੈ।

ਵਰਨਣ ਯੋਗ ਹੈ ਕਿ ਅਮਰੀਕੀ ਫ਼ੌਜ ਦੀ ਅਫ਼ਗਾਨਿਸਤਾਨ ਤੋਂ ਨਿਕਲਣ ਦੇ ਚੱਕਰ ਵਿੱਚ ਸੈਂਕੜੇ ਅਮਰੀਕੀ ਫੌਜੀ ਪਾਕਿ-ਸਤਾਨ ਆਏ ਹਨ। ਇਸ ਬਾਰੇ ਪਾਕਿ-ਸਤਾਨ ਵਿੱਚ ਖ਼ਬਰ ਫੈਲੀ ਹੋਈ ਹੈ ਕਿ ਅਮਰੀਕਾ ਇਸ ਦੇਸ਼ ਵਿੱਚ ਫ਼ੌਜੀ ਅੱਡਾ ਬਣਾਉਣ ਲੱਗਾ ਹੈ। ਇਸ ਨੂੰ ਪਾਕਿ-ਸਤਾਨ ਦੇ ਗ੍ਰਹਿ ਮੰਤਰੀ ਸ਼ੇਖ ਰਾਸ਼ਿਦ ਅਹਿਮਦ ਨੇ ਗ਼ਲਤ ਕਿਹਾਅਤੇ ਡਾਨ ਅਖ਼ਬਾਰ ਨੂੰ ਦੱਸਿਆਕਿ ਅਫਗਾਨਿਸਤਾਨ ਤੋਂ ਵਾਪਸੀ ਮੌਕੇ ਅਮਰੀਕੀ ਫ਼ੌਜ ਦੇ ਜਵਾਨਾਂ ਨੂੰ 21 ਤੋਂ 30 ਦਿਨਾਂ ਦਾ ਟਰਾਂਜ਼ਿਟ ਵੀਜ਼ਾ ਦਿੱਤਾ ਗਿਆ ਹੈ। ਉਨ੍ਹਾਂ ਇਹ ਗੱਲ ਰੱਦ ਕੀਤੀ ਕਿ ਪਾਕਿਸਤਾਨ ਜਨਰਲ ਮੁਸ਼ੱਰਫਦੇ ਦੌਰ ਵੱਲ ਨੂੰ ਪਰਤ ਰਿਹਾ ਹੈ। ਫ਼ੌਜੀ ਜਨਰਲ ਪਰਵੇਜ਼ ਮੁਸ਼ੱਰਫ ਨੇ 2002 ਵਿੱਚ ਅਮਰੀਕੀ ਫੌਜ ਨੂੰ ਸ਼ਮਸੀ ਤੇ ਜੈਕੋਬਾਬਾਦ ਵਿੱਚ ਆਪਣੇ ਏਅਰਬੇਸ ਵਰਤਣ ਦੀ ਖੁੱਲ੍ਹਦਿੱਤੀ ਸੀ। ਸ਼ੇਖ ਰਾਸ਼ਿਦ ਅਹਿਮਦ ਨੇ ਵਿਰੋਧੀ ਪਾਰਟੀਆਂ ਦੇ ਗਠਜੋੜ ਪੀਡੀ ਐੱਮ ਦੇ ਆਗੂ ਫਜ਼ਲੁਰ ਰਹਿਮਾਨ ਦੀ ਇਸ ਗੱਲ ਦਾ ਖੰਡਨ ਕੀਤਾ ਹੈ ਕਿ ਸਰਕਾਰ ਰਾਜਧਾਨੀ ਇਸਲਾਮਾਬਾਦ ਦੇ ਹੋਟਲਾਂ ਵਿੱਚ ਅਮਰੀਕੀ ਫ਼ੌਜਾਂ ਨੂੰ ਠਹਿਰਾ ਰਹੀ ਹੈ। ਗ੍ਰਹਿ ਮੰਤਰੀ ਨੇ ਕਿਹਾ ਕਿ ਅਫ਼ਗਾਨਿਸਤਾਨ ਤੋਂ 2192 ਫੌਜੀ ਤੋਰਖਮ ਬਾਰਡਰ ਤੋਂ ਤੇ 1627 ਹਵਾਈ ਜਹਾਜ਼ ਉਤੇ ਪਾਕਿਸਤਾਨ ਆਏ ਹਨ। ਬਹੁਤ ਘੱਟ ਗਿਣਤੀਲੋਕ ਚਮਨ ਬਾਰਡਰ ਤੋਂ ਆਏ ਹਨ। ਚਮਨ ਬਾਰਡਰ ਤੋਂ ਦੋਵੇਂ ਦੇਸ਼ਾਂ ਵਿਚਾਲੇ ਆਮ ਹਾਲਾਤ ਵਿੱਚ ਵੀ ਆਉਣਾ-ਜਾਣਾ ਹੁੰਦਾ ਰਹਿੰਦਾ ਹੈ।

## ਸਨੇਹਾ ਨੇਗੀ ਨੇ ਯੂਥ ਏਸ਼ੀਅਨ ਬਾਕਸਿੰਗ ਚੈਂਪੀਅਨਸ਼ਿਪ ਦਾ ਗੋਲਡ ਮੈਡਲ ਜਿੱਤਿਆ




ਰਿਕਾਂਗਪੀਓ, 31 ਅਗਸਤ, (ਪੋਸਟ ਬਿਊਰੋ)- ਹਿਮਾਚਲ ਪ੍ਰਦੇਸ਼ ਦੇ ਕਿੰਨੌਰ ਦੀ ਮੁੱਕੇਬਾਜ਼ ਸਨੇਹਾ ਨੇਗੀ ਨੇ ਅੱਜ ਯੂਥ ਏਸ਼ੀਅਨਮੁੱਕੇਬਾਜ਼ੀ ਚੈਂਪੀਅਨਸ਼ਿਪ ਵਿੱਚ 66 ਕਿਲੋਗ੍ਰਾਮ ਭਾਰ ਵਰਗ ਦਾ ਸੋਨ ਤਗਮਾ ਜਿੱਤਿਆ ਹੈ। ਸਨੇਹਾ ਨੇ ਦੁਬਈ ਵਿੱਚਹੋਏ ਫਾਈਨਲ ਮੈਚ ਵਿੱਚ ਯੂ ਏਈ ਮੁੱਕੇਬਾਜ਼ ਨੂੰ ਹਰਾਇਆ ਹੈ।

ਸਨੇਹਾ ਹਿਮਾਚਲ ਪ੍ਰਦੇਸ਼ ਦੇ ਕਿੰਨੌਰ ਜ਼ਿਲੇ ਦੇ ਸਾਂਗਲਾ ਦੀ ਵਸਨੀਕ ਹੈ।ਉਸ ਨੇ ਜਿੱਤ ਦਾ ਸਿਹਰਾ ਆਪਣੇ ਕੋਚ ਸ਼ਿਆਮ ਰਤਨ, ਪਿਤਾ ਮਨੋਜ ਨੇਗੀ ਤੇ ਮਾਂ ਸਰਜਨ ਦੇਵੀ ਨੂੰ ਦਿੱਤਾ ਹੈ। ਇਸ ਤੋਂ ਪਹਿਲਾਂ ਸਨੇਹਾ ਨੇ ਅਸਾਮ ਦੇ ਗੁਹਾਟੀ ਵਿੱਚ ਹੋਈ 'ਖੇਲੋ ਇੰਡੀਆ-ਖੇਲੋ ਮੁੱਕੇਬਾਜ਼ੀ ਚੈਂਪੀਅਨਸ਼ਿਪ' ਵਿੱਚ ਵੀ ਸੋਨ ਤਗਮਾ ਜਿੱਤਿਆ ਸੀ।ਉਸ ਨੇ 2019 ਵਿੱਚ ਸਪੇਨ ਵਿੱਚ ਅੰਤਰਰਾਸ਼ਟਰੀ ਯੁਵਾ ਅਤੇ ਮਹਿਲਾ ਜੂਨੀਅਰਮੁੱਕੇਬਾਜ਼ੀਦਾ ਚਾਂਦੀ ਦਾ ਤਗਮਾ ਜਿੱਤਿਆ ਸੀ।

ਓਧਰ ਟੋਕੀਓ ਪੈਰਾ ਉਲੰਪਿਕਸ ਵਿਚ ਅੱਜ ਭਾਰਤ ਦੇ ਨਿਸ਼ਾਨੇਬਾਜ਼ ਸਿੰਘਰਾਜ ਅਧਾਨਾ ਨੇ ਪੁਰਸ਼ਾਂ ਦੇ 10 ਮੀਟਰ ਏਅਰ ਪਿਸਟਲ ਐਸ ਐਫ-1 ਮੁਕਾਬਲੇ ਵਿੱਚ ਕਾਂਸੀ ਦਾ ਤਗਮਾ ਜਿੱਤ ਲਿਆ ਹੈ। ਉਸ ਨੇ ਮੰਗਲਵਾਰ ਨੂੰ ਫਾਈਨਲ ਵਿੱਚ 216.8 ਦਾ ਸਕੋਰ ਕੀਤਾ। ਨਿਸ਼ਾਨੇਬਾਜ਼ੀ ਵਿੱਚ ਭਾਰਤ ਦਾ ਇਹ ਦੂਜਾ ਤਮਗਾ ਹੈ। ਪਹਿਲਾਂ ਅਵਨੀ ਲੇਖਰਾ ਨੇ ਵੀ ਮਹਿਲਾ 10 ਮੀਟਰ ਰਾਈਫਲ ਐਸਐਸ 1 ਈਵੈਂਟ ਵਿੱਚ ਸੋਨ ਤਮਗਾ ਜਿੱਤਿਆ ਸੀ।

# ਬੰਗਾਲ ਵਿੱਚ ਭਾਜਪਾ ਨੂੰ ਲੱਗਾ ਕੇਰਾ ਹੋਰ ਤੇਜ਼ ਹੋਇਆ

* ਦੋ ਦਿਨਾਂ ਵਿੱਚ ਦੋ ਭਾਜਪਾ ਵਿਧਾਇਕ ਤ੍ਰਿਣਮੂਲ ਕਾਂਗਰਸ ਵਿਚ ਸ਼ਾਮਲ



ਕੋਲਕਾਤਾ, 31 ਅਗਸਤ, (ਪੋਸਟ ਬਿਊਰੋ)- ਪੱਛਮੀ ਬੰਗਾਲ ਵਿਚ ਭਾਜਪਾ ਦੇ ਦੋ ਵਿਧਾਇਕ ਪਾਰਟੀ ਛੱਡ ਕੇ ਤ੍ਰਿਣਮੂਲ ਕਾਂਗਰਸ ਵਿਚ ਸ਼ਾਮਲ ਹੋ ਗਏ ਹਨ। ਬਿਸ਼ਨੂਪੁਰ ਤੋਂ ਭਾਜਪਾ ਵਿਧਾਇਕ ਤਨਮਯ ਘੋਸ਼ ਦੇ ਤ੍ਰਿਣਮੂਲ ਕਾਂਗਰਸ ਵਿੱਚਮੁੜ ਜਾਣ ਦੇ ਇੱਕ ਦਿਨ ਬਾਅਦ ਬਗਦਾ ਤੋਂ ਭਾਜਪਾ ਵਿਧਾਇਕ ਵਿਸ਼ਵਜੀਤ ਦਾਸ ਵੀ ਚਲੇ ਗਏ ਹਨ।

ਇਸ ਮੌਕੇ ਭਾਜਪਾ ਨੂੰ ਛੱਡ ਗਏ ਵਿਧਾਇਕ ਵਿਸ਼ਵਜੀਤ ਦਾਸ ਨੇ ਕਿਹਾ ਕਿ ਉਹ ਭਾਜਪਾ ਵਿੱਚ ਕੰਮ ਕਰਦੇ ਹੋਏ 'ਨਾਖੁਸ਼ ਅਤੇ ਬੇਚੈਨ' ਸਨ। ਉਨ੍ਹਾਂ ਕਿਹਾ ਕਿ 'ਮੈਂ ਗਲਤੀ ਕੀਤੀ ਤੇ ਵਾਪਸ ਆਉਣਾ ਚਾਹੁੰਦਾ ਸੀ।'ਟੀ ਐੱਮ ਸੀਵੱਲੋਂਦੋ ਵਾਰ ਵਿਧਾਇਕ ਰਹਿ ਚੁੱਕੇ ਵਿਸ਼ਵਜੀਤ ਦਾਸ ਪਹਿਲਾਂ ਭਾਜਪਾ ਵਿੱਚਚਲੇ ਗਏ ਸਨ। ਉਹ ਬੋਨਗਾਓਂ (ਉੱਤਰੀ) ਹਲਕੇਤੋਂ ਵਿਧਾਇਕ ਸਨ। ਜਦੋਂ ਉਹ ਭਾਜਪਾ ਵਿੱਚ ਸ਼ਾਮਲ ਹੋਏ ਤਾਂ ਉਹ ਮੁਕੁਲ ਰਾਏ ਨਾਲ ਸਨ, ਪਰ ਉਨ੍ਹਾਂ ਤੇ ਸ਼ਾਂਤਨੂ ਠਾਕੁਰ ਲਾਬੀਦੇ ਮਤਭੇਦ ਪੈਦਾ ਹੋ ਗਏ। ਇਸ ਤੋਂ ਇਲਾਵਾ ਉਹ ਬੋਨਗਾਓਂ (ਉੱਤਰੀ) ਸੀਟ ਤੋਂ ਚੋਣ ਲੜਨਾ ਚਾਹੁੰਦੇ ਸਨ, ਪਰ ਉਸ ਨੂੰ ਬਗਦਾ ਤੋਂ ਚੋਣ ਲੜਨ ਨੂੰ ਕਿਹਾ ਗਿਆ ਤਾਂ ਉਹ ਨਾਖੁਸ਼ ਸੀ, ਪਰ ਮੁਕੁਲ ਰਾਏ ਤੇ ਅਰਜੁਨ ਸਿੰਘ ਨੇ ਅਸੈਂਬਲੀ ਚੋਣਾਂ ਤੋਂ ਪਹਿਲਾਂ ਟੀ ਐੱਮ ਸੀ ਵਿੱਚ ਵਾਪਸ ਜਾਣੋਂ ਰੋਕ ਦਿੱਤਾ। ਨਤੀਜਿਆਂ ਪਿੱਛੋਂ ਜਦੋਂ ਮੁਕੁਲ ਰਾਏ ਟੀ ਐੱਮ ਸੀ ਵਿੱਚ ਵਾਪਸ ਆਏ ਤਾਂ ਉਹ ਵੀ ਵਾਪਸ ਜਾਣਾ ਚਾਹੁੰਦੇ ਸਨ। ਭਾਜਪਾ ਨੇ ਇਸ ਘਟਨਾ ਕਰਮ ਬਾਰੇ ਕਿਹਾ ਹੈ ਕਿ ਇਸ ਦਾ ਕੋਈ ਅਸਰ ਨਹੀਂ ਹੋਵੇਗਾ, ਪਰ ਵਿਧਾਨ ਸਭਾ ਵਿੱਚ ਭਾਜਪਾ ਦੇ ਵਿਧਾਇਕਾਂ ਦੀ ਗਿਣਤੀ ਬੀਤੇ ਅਪਰੈਲ ਵਿੱਚ ਜਿੱਤੇ ਹੋਏ 77 ਤੋਂ ਘਟ ਕੇ 72 ਰਹਿ ਗਈ ਹੈਤੇ ਪਤਾ ਲੱਗਾ ਹੈ ਕਿ ਕਈ ਹੋਰ ਵਿਧਾਇਕ ਭਾਜਪਾ ਛੱਡਣ ਲਈ ਕਤਾਰ ਵਿੱਚ ਹਨ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
How your spouse can join you within 4-6 months
How your parents can join you
How students & skilled people can come to Canada
How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

Grand Upholstery Ltd
Sofa Company Originality in Every Piece
Special on Sale
• ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
• ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
• ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
• ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, |
| **Office Admin** | Sajandeep Singh |
| **Graphic Designer** | Angrez Singh |
| **Photographer** | Kanwaljit Singh Kanwal |
| **Distributer** Marketing: | Aman Warraich Sajandeep Singh |

**Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.**

# ਐਨਡੀਪੀ ਦੇ ਈਵੈਂਟ ਉੱਤੇ ਇੰਡੀਜੀਨਸ ਆਗੂਆਂ ਨੇ ਲਿਬਰਲ ਉਮੀਦਵਾਰ ਦਾ ਕੀਤਾ ਸਮਰਥਨ

...ਪੰਨਾ 1 ਦਾ ਬਾਕੀ

ਆਗੂਆਂ ਨੇ ਸਪਸ਼ਟ ਕੀਤਾ ਕਿ ਉਹ ਐਨਡੀਪੀ ਦੀ ਥਾਂ ਲਿਬਰਲ ਆਗੂ ਦੀ ਚੋਣ ਕਰਨ ਦੀ ਗੱਲ ਨਹੀਂ ਕਰ ਰਹੇ ਸਗੋਂ ਉਹ ਤਾਂ ਚੋਣਾਂ ਲਈ ਤੇ ਰੀਜਨ ਲਈ ਇੰਡੀਜੀਨਸ ਉਮੀਦਵਾਰ ਦਾ ਸਾਥ ਦੇ ਰਹੇ ਹਨ। ਡੂਮਸ ਨੇ ਆਖਿਆ ਕਿ ਰੌਬਿਨਸਨ ਨੌਰਥ ਤੋਂ ਉਮੀਦਵਾਰ ਹੈ ਤੇ ਉਨ੍ਹਾਂ ਨੂੰ ਇਹ ਮਹਿਸੂਸ ਹੁੰਦਾ ਹੈ ਕਿ ਪਿਛਲੇ 15 ਸਾਲਾਂ ਤੋਂ ਇਹ ਸੀਟ ਓਨੀ ਲਾਹੇਵੰਦ ਨਹੀਂ ਰਹੀ ਜਿੰਨੀ ਇਹ ਹੋਣੀ ਚਾਹੀਦੀ ਸੀ। ਇਸ ਲਈ ਹੁਣ ਇਸ ਸੀਟ ਨੂੰ ਲਾਹੇਵੰਦ ਬਣਾਉਣ ਦਾ ਸਮਾਂ ਆ ਗਿਆ ਹੈ।

ਮੰਗਲਵਾਰ ਨੂੰ ਜਾਰੀ ਕੀਤੀ ਇੱਕ ਨਿਊਜ਼ ਰਲੀਜ਼ ਵਿੱਚ ਐਮ ਕੇ ਓ ਨੇ ਰੌਬਿਨਸਨ ਲਈ ਆਪਣੇ ਸਮਰਥਨ ਦਾ ਤਹੱਈਆ ਪ੍ਰਗਟਾਇਆ ਤੇ ਸਾਰੇ ਫਰਸਟ ਨੇਸ਼ਨਜ਼ ਸਿਟੀਜ਼ਨਜ਼ ਨੂੰ ਉਸ ਦਾ ਸਮਰਥਨ ਕਰਨ ਦਾ ਸੱਦਾ ਦਿੱਤਾ।

# ਅਮਰੀਕਾ ਵੱਲੋਂ ਬਚਾਏ ਗਏ 5000 ਅਫਗਾਨੀਆਂ ਨੂੰ ਵਸਾਵੇਗਾ ਕੈਨੇਡਾ

...ਪੰਨਾ 1 ਦਾ ਬਾਕੀ

ਕਿ ਪਿਛਲੇ ਹਫਤੇ ਖ਼ਤਮ ਹੋਏ ਕੈਨੇਡੀਅਨ ਮਿਸ਼ਨ ਰਾਹੀਂ 3700 ਲੋਕਾਂ ਨੂੰ ਬਚਾਇਆ ਗਿਆ ਤੇ ਅਜੇ ਵੀ ਸੈਂਕੜੇ ਅਫਗਾਨੀ ਆਪਣੇ ਹੀ ਮੁਲਕ ਵਿੱਚ ਫਸੇ ਹੋਏ ਕੈਨੇਡਾ ਆਉਣ ਲਈ ਆਪਣੀਆਂ ਅਰਜ਼ੀਆਂ ਸਵੀਕਾਰ ਕੀਤੇ ਜਾਣ ਦੀ ਉਡੀਕ ਕਰ ਰਹੇ ਹਨ। ਮੈਂਡੀਸੀਨੋ ਨਾਲ ਮੌਜੂਦ ਵਿਦੇਸ਼ ਮੰਤਰੀ ਮਾਰਕ ਗਾਰਨਿਊ ਨੇ ਦੱਸਿਆ ਕਿ ਸੈਂਕੜੇ ਕੈਨੇਡੀਅਨ ਵੀ ਅਜੇ ਅਫਗਾਨਿਸਤਾਨ ਵਿੱਚ ਹੀ ਫਸੇ ਹੋਏ ਹਨ।

ਨਾ ਹੀ ਗਾਰਨੀਊ ਤੇ ਨਾ ਹੀ ਮੈਂਡੀਸਿਨੋ ਕੋਲ ਇਸ ਗੱਲ ਦਾ ਕੋਈ ਸਪਸ਼ਟ ਉੱਤਰ ਸੀ ਕਿ ਜਿਹੜੇ ਅਫਗਾਨਿਸਤਾਨ ਵਿੱਚ ਫਸੇ ਰਹਿ ਗਏ ਹਨ ਉਨ੍ਹਾਂ ਦੀ ਹੋਣੀ ਦਾ ਕੀ ਬਣੇਗਾ।2001 ਤੋਂ ਬਾਅਦ ਹੁਣ ਅਫਗਾਨਿਸਤਾਨ ਵਿੱਚ ਕੋਈ ਵੀ ਵਿਦੇਸ਼ੀ ਸੈਨਿਕ ਟੁਕੜੀਆਂ ਮੌਜੂਦ ਨਹੀਂ ਹਨ। ਹੁਣ ਅਫਗਾਨਿਸਤਾਨ ਉੱਤੇ ਇੱਕ ਵਾਰੀ ਫਿਰ ਤਾਲਿਬਾਨ ਦਾ ਕਬਜਾ ਹੋ ਚੁੱਕਿਆ ਹੈ।

# ਆਰਸੀਐਮਪੀ ਵਿੱਚ ਕੈਨੈਡੀਅਨਾਂ ਦਾ ਭਰੋਸਾ ਘਟਿਆ !

...ਪੰਨਾ 1 ਦਾ ਬਾਕੀ

ਵੱਖ ਵੱਖ ਸੱਭਿਆਚਾਰਾਂ ਤੇ ਗਰੁੱਪਜ਼ ਨਾਲ ਜੁੜੇ ਲੋਕਾਂ ਦੀਆਂ ਲੋੜਾਂ ਪ੍ਰਤੀ ਸੰਵੇਦਨਸ਼ੀਲ ਸੀ ਜਦਕਿ ਦੋ ਸਾਲ ਪਹਿਲਾਂ ਕਰਵਾਏ ਗਏ ਅਜਿਹੇ ਸਰਵੇਖਣ ਵਿੱਚ 58 ਫੀ ਸਦੀ ਲੋਕ ਅਜਿਹਾ ਮੰਨਦੇ ਸਨ।ਈਕੋਜ਼ ਰਿਸਰਚ ਐਸੋਸਿਏਟਸ ਵੱਲੋਂ ਅਪਰੈਲ ਵਿੱਚ ਮੁਕੰਮਲ ਕਰਵਾਏ ਗਏ ਇਸ ਸਰਵੇਖਣ ਵਿੱਚ ਆਖਿਆ ਗਿਆ ਹੈ ਕਿ ਸਿਰਫ 10 ਫੀ ਸਦੀ ਤੋਂ ਵੀ ਘੱਟ ਲੋਕ ਇਹ ਮੰਨਦੇ ਹਨ ਕਿ ਆਰਸੀਐਮਪੀ ਵੱਖ ਵੱਖ ਸੱਭਿਆਚਾਰਾਂ, ਗਰੁੱਪਜ਼, ਮਹਿਲਾਵਾਂ, ਐਲਜੀਬੀਟੀਕਿਊ2 ਤੇ ਇੰਡੀਜੀਨਸ ਲੋਕਾਂ ਦੇ ਮਾਮਲਿਆਂ ਪ੍ਰਤੀ ਸੰਵੇਦਨਸ਼ੀਲ ਹੈ।

ਆਰਸੀਐਮਪੀ ਤੇ ਹੋਰਨਾਂ ਪੁਲਿਸ ਫਰਸਿਜ਼ ਦੇ ਚੰਗੀ ਤਰ੍ਹਾਂ ਮੁਲਾਂਕਣ ਤੋਂ ਬਾਅਦ ਬਲੈਕ ਤੇ ਇੰਡੀਜੀਨਸ ਲੋਕਾਂ ਪ੍ਰਤੀ ਪੁਲਿਸ ਦਾ ਵੱਖਰਾ ਨਜ਼ਰੀਆ ਸਾਹਮਣੇ ਆਇਆ। ਮਈ 2020 ਵਿੱਚ ਮਿਨੀਆਪੋਲਿਸ ਦੀ ਪੁਲਿਸ ਵੱਲੋਂ ਬਲੈਕ ਵਿਅਕਤੀ ਜਾਰਜ ਫਲੌਇਡ ਨੂੰ ਮਾਰਨ ਦੇ ਮਾਮਲੇ ਵਿੱਚ ਅਮਰੀਕਾ ਵਿੱਚ ਨਸਲਵਾਦ ਦਾ ਖੁਲਾਸਾ ਹੋਇਆ ਉੱਥੇ ਹੀ ਕੈਨੇਡਾ ਵਿੱਚ ਵੀ ਇਸ ਮਾਮਲੇ ਕਾਰਨ ਲੋਕਾਂ ਵਿੱਚ ਗੁੱਸਾ ਤੇ ਰੋਹ ਵੇਖਣ ਨੂੰ ਮਿਲਿਆ।

ਉਸ ਸਮੇਂ ਲਿਬਰਲ ਆਗੂ ਜਸਟਿਨ ਟਰੂਡੋ ਨੇ ਇਹ ਆਖਿਆ ਸੀ ਕਿ ਸਾਰੇ ਕੈਨੇਡੀਅਨ ਇੰਸਟੀਚਿਊਸ਼ਨਜ਼ ਵਾਂਗ ਹੀ ਨੈਸ਼ਨਲ ਪੁਲਿਸ ਫੋਰਸ ਵਿੱਚ ਨਸਲਵਾਦ ਦਾ ਜ਼ੋਰ ਹੈ ਤਾਂ ਆਰਸੀਐਮਪੀ ਦੀ ਤਤਕਾਲੀ ਕਮਿਸ਼ਨਰ ਬ੍ਰੈਂਡਾ ਲੱਕੀ ਨੇ ਸ਼ੁਰੂ ਵਿੱਚ ਇਸ ਗੱਲ ਉੱਤੇ ਸਹਿਮਤੀ ਨਹੀਂ ਸੀ ਦਿੱਤੀ ਪਰ ਬਾਅਦ ਵਿੱਚ ਉਸ ਨੂੰ ਵੀ ਮੰਨਣਾ ਪਿਆ ਸੀ।

ਆਨਲਾਈਨ ਤੇ ਫੋਨ ਉੱਤੇ ਕਰਵਾਏ ਗਏ ਇਸ ਸਰਵੇਖਣ ਵਿੱਚ 2988 ਕੈਨੇਡੀਅਨਾਂ ਨੇ ਹਿੱਸਾ ਲਿਆ ਸੀ ਤੇ ਇਨ੍ਹਾਂ ਲੋਕਾਂ ਨੇ ਮੰਨਿਆ ਕਿ ਪਬਲਿਕ ਸੇਫਟੀ ਦੇ ਮਾਮਲੇ ਵਿੱਚ ਮਾਊਂਟੀਜ਼ ਚੰਗਾ ਕੰਮ ਕਰ ਰਹੇ ਹਨ। ਇਹ ਵੀ ਪਾਇਆ ਗਿਆ ਕਿ ਆਰਸੀਐਮਪੀ ਆਪਣੇ ਸਿਧਾਂਤਾਂ, ਪ੍ਰੋਫੈਸ਼ਨਲਿਜ਼ਮ ਤੇ ਇੱਕਜੁੱਟਤਾ ਦੇ ਮਾਮਲੇ ਵਿੱਚ ਖਰੀ ਉਤਰ ਰਹੀ ਹੈ। ਆਰਸੀਐਮਪੀ ਦੇ ਪਾਰਦਰਸ਼ੀ ਆਰਗੇਨਾਈਜ਼ੇਸ਼ਨ ਰਹਿਣ ਉੱਤੇ ਵੀ ਅਸਹਿਮਤੀ ਪ੍ਰਗਟਾਈ ਗਈ।

# ਕੈਲਵਿਨ ਗੋਏਰਟਜ਼ਨ ਹੋਣਗੇ ਮੈਨੀਟੋਬਾ ਦੇ ਅਗਲੇ ਪ੍ਰੀਮੀਅਰ

...ਪੰਨਾ 1 ਦਾ ਬਾਕੀ

ਅੰਤਰਿਮ ਆਗੂ ਦੀ ਚੋਣ ਦਾ ਫੈਸਲਾ ਕੀਤਾ ਗਿਆ। ਸਰਬਸੰਮਤੀ ਨਾਲ ਇਹ ਤੈਅ ਕੀਤਾ ਗਿਆ ਕਿ ਇਸ ਸਾਲ ਦੇ ਅੰਤ ਤੱਕ ਜਦੋਂ ਤੱਕ ਕਿਸੇ ਨਵੇਂ ਆਗੂ ਦੀ ਚੋਣ ਨਹੀਂ ਕਰ ਲਈ ਜਾਂਦੀ ਇਸ ਅੰਤਰਿਮ ਪੀਰੀਅਡ ਦੌਰਾਨ ਸਾਡੀ ਅਗਵਾਈ ਕਰਨ ਲਈ ਕੈਲਵਿਨ ਗੋਏਰਟਜ਼ਨ ਹੀ ਬਿਹਤਰ ਰਹਿਣਗੇ।

ਗੋਏਰਟਜ਼ਨ ਪਹਿਲੀ ਵਾਰੀ 2003 ਵਿੱਚ ਸਟੇਨਬੈਕ ਤੋਂ ਐਮਐਲਏ ਚੁਣੇ ਗਏ ਸਨ ਤੇ ਉਦੋਂ ਤੋਂ ਹੁਣ ਤੱਕ ਉਹ ਵਾਰੀ ਵਾਰੀ ਚੁਣੇ ਗਏ ਹਨ। ਇਸ ਤੋਂ ਪਹਿਲਾਂ ਗੋਏਰਟਜ਼ਨ ਸਿਹਤ, ਸੀਨੀਅਰਜ਼ ਅਤੇ ਐਕਟਿਵ ਲਿਵਿੰਗ ਮੰਤਰੀ, ਸਿੱਖਿਆ ਮੰਤਰੀ ਰਹਿ ਚੁੱਕੇ ਹਨ। ਇਸ ਤੋਂ ਇਲਾਵਾ ਪਿੱਛੇ ਜਿਹੇ ਗੋਏਰਟਜ਼ਨ ਮਨਿਸਟਰ ਆਫ ਲੈਜਿਸਲੇਟਿਵ ਐਂਡ ਪਬਲਿਕ ਅਫੇਅਰਜ਼ ਤੇ ਡਿਪਟੀ ਪ੍ਰੀਮੀਅਰ ਆਫ ਮੈਨੀਟੋਬਾ ਦੇ ਅਹੁਦੇ ਉੱਤੇ ਵੀ ਸੇਵਾ ਨਿਭਾਅ ਚੁੱਕੇ ਹਨ।

# ਲਿਬਰਲਾਂ ਨੇ ਮੈਂਟਲ ਹੈਲਥ ਸਰਵਿਸਿਜ਼ ਵਿੱਚ ਸੁਧਾਰ ਕਰਨ ਦਾ ਕੀਤਾ ਵਾਅਦਾ

...ਪੰਨਾ 1 ਦਾ ਬਾਕੀ

ਤੇ ਮੁਫਤ ਸੇਵਾਵਾਂ ਦੇਣ ਲਈ ਸਥਾਈ ਫੰਡਿੰਗ ਮੁਹੱਈਆ ਕਰਵਾਈ ਜਾਵੇਗੀ। ਇਸ ਵਾਸਤੇ ਪੰਜ ਸਾਲਾਂ ਲਈ 4·5 ਬਿਲੀਅਨ ਡਾਲਰ ਖਰਚ ਕਰਨ ਦਾ ਵਾਅਦਾ ਵੀ ਕੀਤਾ ਗਿਆ। ਓਟਵਾ ਦੇ ਸਬਅਰਬ ਕਨਾਟਾ ਵਿੱਚ ਗੱਲ ਕਰਦਿਆਂ ਟਰੂਡੋ ਨੇ ਆਖਿਆ ਕਿ ਇਸ ਫੰਡਿੰਗ ਨਾਲ ਉਡੀਕ ਦੇ ਸਮੇਂ ਵਿੱਚ ਕਮੀ ਦੇ ਨਾਲ ਨਾਲ ਵਧੇਰੇ ਮੈਂਟਲ ਹੈਲਥ ਪ੍ਰੋਫੈਸ਼ਨਲਜ਼ ਕੰਮ ਉੱਤੇ ਹੋਣਗੇ।

ਲਿਬਰਲਾਂ ਨੇ ਚਾਰ ਸਾਲਾਂ ਵਿੱਚ ਪੋਸਟ ਸੈਕੰਡਰੀ ਇੰਸਟੀਚਿਊਸ਼ਨਜ਼ ਵਿੱਚ 1200 ਨਵੇਂ ਮੈਂਟਲ ਹੈਲਥ ਕੇਅਰ ਕਾਊਂਸਲਰਜ਼ ਭਰਤੀ ਕਰਨ ਤੇ ਉਡੀਕ ਸਮੇਂ ਨੂੰ ਘਟਾਉਣ ਲਈ ਸਟੂਡੈਂਟਸ ਉੱਤੇ ਕੇਂਦਰਿਤ ਮੈਂਟਲ ਹੈਲਥ ਫੰਡ ਸ਼ੁਰੂ ਕਰਨ ਲਈ 500 ਮਿਲੀਅਨ ਡਾਲਰ ਖਰਚਣ ਦਾ ਤਹੱਈਆ ਵੀ ਪ੍ਰਗਟਾਇਆ। ਇਸ ਵਿੱਚੋਂ ਦਸ ਫੀ ਸਦੀ ਸਾਲਾਨਾ ਇੰਡੀਜੀਨਸ ਲੋਕਾਂ ਵੱਲੋਂ ਆਪਰੇਟ ਕੀਤੇ ਜਾਣ ਵਾਲੇ ਸਕੂਲਾਂ ਨੂੰ ਜਾਵੇਗਾ। ਇਸੇ ਤਰ੍ਹਾਂ ਹੀ ਕੰਜ਼ਰਵੇਟਿਵਾਂ ਵੱਲੋਂ ਵੀ ਨੈਸ਼ਨਲ ਪੱਧਰ ਉੱਤੇ ਤਿੰਨ ਡਿਜਿਟ ਵਾਲੀ ਮੈਂਟਲ ਹੈਲਥ ਕ੍ਰਾਈਸਿਜ਼ ਐਂਡ ਸਿਊਸਾਈਡ ਪ੍ਰਿਵੈਨਸ਼ਨ ਹੌਟਲਾਈਨ ਜਾਰੀ ਕਰਨ ਦਾ ਵਾਅਦਾ ਕੀਤਾ ਹੈ। ਐਨਡੀਪੀ ਵੱਲੋਂ ਵਾਅਦਾ ਕੀਤਾ ਗਿਆ ਹੈ ਕਿ ਇਸ ਸਮੇਂ ਵਿੱਚ ਜਿਹੜੀਆਂ ਮੈਂਟਲ ਹੈਲਥ ਸਰਵਿਸਿਜ਼ ਪ੍ਰਾਈਵੇਟ ਹਨ ਉਨ੍ਹਾਂ ਨੂੰ ਜਲਦ ਹੀ ਕੈਨੇਡਾ ਦੇ ਪਬਲਿਕ ਸਿਸਟਮ ਵਿੱਚ ਸ਼ਾਮਲ ਕੀਤਾ ਜਾਵੇਗਾ।

# ਕਾਰ ਨੇ ਰਾਹਗੀਰ ਤੋਂ ਬਾਅਦ ਹਾਈਡਰੋ ਪੋਲ ਨੂੰ ਮਾਰੀ ਟੱਕਰ, ਬਿਜਲੀ ਠੱਪ

ਟੋਰਾਂਟੋ, 31 ਅਗਸਤ (ਪੋਸਟ ਬਿਊਰੋ) : ਇੱਕ ਕਾਰ ਦੇ ਰਾਹਗੀਰ ਅਤੇ ਹਾਈਡਰੋ ਪੋਲ ਨਾਲ ਟਕਰਾਅ ਜਾਣ ਕਾਰਨ ਮਹਿਲਾ ਜ਼ਖ਼ਮੀ ਹੋ ਗਈ ਤੇ ਹਜ਼ਾਰਾਂ ਟੋਰਾਂਟੋ ਵਾਸੀਆਂ ਨੂੰ ਬਿਜਲੀ ਤੋਂ ਬਿਨਾਂ ਗੁਜ਼ਾਰਾ ਕਰਨਾ ਪੈ ਰਿਹਾ ਹੈ।

ਮੰਗਲਵਾਰ ਨੂੰ ਸਵੇਰੇ 9:15 ਵਜੇ ਦੇ ਨੇੜੇ ਤੇੜੇ ਵਿਕਟੋਰੀਆ ਪਾਰਕ ਐਵਨਿਊ ਤੇ ਗੇਰਾਰਡ ਸਟਰੀਟ ਈਸਟ ਇਲਾਕੇ ਵਿੱਚ ਹੋਏ ਹਾਦਸੇ ਤੋਂ ਬਾਅਦ ਪੁਲਿਸ ਨੂੰ ਸੱਦਿਆ ਗਿਆ।ਪੁਲਿਸ ਨੇ ਦੱਸਿਆ ਕਿ ਕਾਲੇ ਰੰਗ ਦੀ ਸੇਡਾਨ ਵਿਕਟੋਰੀਆ ਪਾਰਕ ਐਵਨਿਊ ਉੱਤੇ ਜਾ ਰਹੀ ਸੀ ਜਦੋਂ ਉਸ ਨੇ ਇੱਕ ਰਾਹਗੀਰ ਨੂੰ ਟੱਕਰ ਮਾਰੇ ਤੇ ਫਿਰ ਹਾਈਡਰੋ ਪੋਲ ਨਾਲ ਜਾ ਟਕਰਾਈ।ਪੁਲਿਸ ਅਨੁਸਾਰ ਇੱਕ 60 ਸਾਲਾ ਮਹਿਲਾ ਨੂੰ ਸਿਰ ਦੀ ਗੰਭੀਰ ਸੱਟ ਤੋਂ ਬਾਅਦ ਹਸਪਤਾਲ ਦਾਖਲ ਕਰਵਾਇਆ ਗਿਆ।

ਇਸ ਘਟਨਾ ਵਿੱਚ ਡਰਾਈਵਰ ਨੂੰ ਕੋਈ ਸੱਟ ਨਹੀਂ ਲੱਗੀ ਤੇ ਪੁਲਿਸ ਨੇ ਦੱਸਿਆ ਕਿ ਉਹ ਜਾਂਚ ਵਿੱਚ ਸਹਿਯੋਗ ਵੀ ਕਰ ਰਿਹਾ ਹੈ।ਹਾਦਸੇ ਦੇ ਕਾਰਨਾਂ ਦਾ ਅਜੇ ਪਤਾ ਨਹੀਂ ਲੱਗ ਸਕਿਆ।ਟੋਰਾਂਟੋ ਹਾਈਡਰੋ ਅਨੁਸਾਰ ਇਸ ਹਾਦਸੇ ਤੋਂ ਬਾਅਦ ਸੇਂਟ ਕਲੇਅਰ ਐਵਨਿਊ ਈਸਟ ਸਾਊਥ ਤੋਂ ਲੈ ਕੇ ਲੇਕ ਤੇ ਮੇਨ ਸਟਰੀਟ ਈਸਟ ਤੋਂ ਬਰਚਮਾਊਂਟ ਰੋਡ ਤੱਕ ਬਿਜਲੀ ਸਪਲਾਈ ਠੱਪ ਹੋ ਗਈ ਹੈ। ਅੰਦਾਜ਼ਨ 3000 ਕਸਟਮਰਜ਼ ਨੂੰ ਬਿਜਲੀ ਤੋਂ ਬਿਨਾਂ ਗੁਜ਼ਾਰਾ ਕਰਨਾ ਪੈ ਰਿਹਾ ਹੈ।

# ਲਿਬਰਲਾਂ ਨੂੰ ਛੱਡ ਕੇ ਕੰਜ਼ਰਵੇਟਿਵਾਂ ਤੇ ਐਨਡੀਪੀ ਵੱਲ ਅਹੁਲ ਰਹੇ ਹਨ ਵੋਟਰ : ਰਿਪੋਰਟ

...ਪੰਨਾ 1 ਦਾ ਬਾਕੀ

ਅਗਵਾਈ ਵਾਲੀ ਲਿਬਰਲ ਪਾਰਟੀ ਪਹਿਲਾਂ ਨਾਲੋਂ ਪੰਜ ਅੰਕਾਂ ਨਾਲ ਪਛੜ ਗਈ ਹੈ ਤੇ ਉਸ ਨੂੰ ਮਿਲਣ ਵਾਲਾ ਸਮਰਥਨ 30 ਫੀ ਸਦੀ ਰਹਿ ਗਿਆ ਹੈ। ਕਿਊਬਿਕ ਵਿੱਚ ਬਲਾਕ ਕਿਊਬਿਕੁਆ ਨੂੰ 29 ਫੀ ਸਦੀ ਸਮਰਥਨ ਹਾਸਲ ਹੋ ਰਿਹਾ ਹੈ ਤੇ ਲਿਬਰਲਾਂ ਨੂੰ ਉੱਥੇ 33 ਫੀ ਸਦੀ ਸਮਰਥਨ ਹਾਸਲ ਹੋ ਰਿਹਾ ਹੈ। ਇਹ ਚੋਣ ਸਰਵੇਖਣ ਆਨਲਾਈਨ ਕਰਵਾਇਆ ਗਿਆ ਹੈ।

**ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ**

ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ।
ਸੰਪਰਕ: ਅਜੈਬ ਸਹੋਤਾ

**4165618882, 4164544587**

**A-One Drivers TRAINING SCHOOL**

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

ਫਰੀ ਪਿਕਅਪ
Best Rates For Lessons

- ਮੁਫਤ ਪਿਕਅਪ ਅਤੇ ਡਰਾਪ ਆਫ
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ



ਲੇਡੀ ਇਸਟ੍ਰਕਟਰ

647-998-7500 ਬਲਵਿੰਦਰ

**ਲੇਡੀ ਵਰਕਰ ਦੀ ਲੋੜ**

Best Western Hotel (Centennial & Eglinton) ਵਿਚ ਕਲੀਨਿੰਗ ਦਾ ਕੰਮ ਕਰਨ ਲਈ ਲੇਡੀ ਵਰਕਰ ਦੀ ਜ਼ਰੂਰਤ ਹੈ। ਡਿਊਟੀ ਦਾ ਸਮਾਂ 9-5:30 ਹੋਵੇਗਾ।

**ਹੈਂਡੀਮੈਨ ਦੀ ਲੋੜ**

ਪਲੰਬਿੰਗ, ਇਲੈਟ੍ਰੀਸ਼ੀਅਨ ਅਤੇ ਕੰਸਟ੍ਰਕਸ਼ਨ ਦਾ ਥੋੜਾ ਬਹੁਤ ਤਜਰਬਾ ਰੱਖਣ ਵਾਲੇ ਹੈਂਡੀਮੈਨ ਦੀ ਲੋੜ ਹੈ। ਤਨਖਾਹ ਹੋਵੇਗੀ $20-22/ਹਰ ਦਿੱਤੀ ਜਾਵੇਗੀ।


**ਸੰਪਰਕ: 416-816-1695**

ਕਾਲ ਕਰਨ ਦਾ ਸਮਾਂ ਸਵੇਰੇ 9 ਤੋਂ ਸ਼ਾਮ 7 ਵਜੇ ਤੱਕ

**ਜ਼ਰੂਰ ਜਾਣੋ; ਗਿਆਨ ਗੰਗਾ**

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?





ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

**Dr. Randhawa Dentistry**




*Your own dentist who really cares for you*

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist
New Patients welcome
Deal Directly with all Insurance Companies


- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!



FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111




**BEST CANADIAN TRUCK & FORKLIFT TRAINING CENTRE**
Registered as a Private Career College Under the Private Career College Act. 2005
BEST CANADIAN TRUCK & FORKLIFT TRAINING CENTRE







- AZ Tractor trailer program
- Manual transmission & backup training everyday
- We welcome welfare workers & compensation clients

Open Seven Days

Forklift Re-Certification Only $79.00/-



Karnail Singh

416.670.3173 | 905.799.7333
27 Edvac Dr, Brampton, ON L6S 5X8

# ਬਜੁਰਗਾਂ ਨਾਲ਼ ਅਣਮਨੁੱਖੀ ਵਿਹਾਰ ਇਕ ਆਮ ਵਰਤਾਰਾ ਬਣਦਾ ਜਾ ਰਿਹਾ

ਮਨੁੱਖ ਦੇ ਕੁਦਰਤ ਨਾਲ਼ ਲਗਾਤਾਰ ਚੱਲ ਰਹੇ ਇਕ ਲੰਮੇ ਸੰਘਰਸ਼ ਵਿੱਚ, ਕੁਦਰਤੀ ਤਾਕਤਾਂ 'ਤੇ ਲਗਾਤਾਰ ਕਾਬੂ ਪਾਉਣ ਦੀ ਕਿਰਿਆ ਦੌਰਾਨ ਕੁਦਰਤੀ ਵਿਗਿਆਨਾਂ ਵਿੱਚ ਲਗਾਤਾਰ ਹੋ ਰਹੇ ਵਿਕਾਸ ਅਤੇ ਖਾਸ ਕਰਕੇ ਸਿਹਤ ਸਬੰਧੀ ਵਿਗਿਆਨਾਂ ਵਿੱਚ ਵਿਕਾਸ ਦੇ ਸਿੱਟੇ ਵਜੋਂ ਮਨੁੱਖ ਦੀ ਜੀਵਨ ਦਰ ਵਿੱਚ ਪਿਛਲੇ ਸਮਿਆਂ ਦੇ ਮੁਕਾਬਲੇ ਬਹੁਤ ਵਾਧਾ ਹੋਇਆ ਹੈ। ਬਹੁਤ ਸਾਰੀਆਂ ਬਿਮਾਰੀਆਂ 'ਤੇ ਤਾਂ ਪੂਰੀ ਤਰ੍ਹਾਂ ਕਾਬੂ ਪਾ ਲਿਆ ਗਿਆ ਹੈ, ਜਿਸ ਤੇ ਨਤੀਜ਼ੇ ਵਜੋਂ ਮੌਤ ਦੀ ਦਰ ਘਟਣ ਨਾਲ਼ ਮਨੁੱਖ ਦੀ ਜਿਊਣ ਦਰ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। 70 ਸਾਲ ਤੋਂ ਵੱਧ ਉਮਰ ਵਾਲ਼ਿਆਂ ਵਿੱਚ ਜਿਊਣ ਦੀ ਦਰ ਵਿੱਚ 18 ਫੀਸਦੀ ਦਾ ਵਾਧਾ ਹੋਇਆ ਹੈ, ਪਰ ਇਸ ਦੇ ਨਾਲ਼ ਹੀ ਇੱਕ ਦੁਖਦਾਈ ਤਸਵੀਰ ਇਹ ਹੈ ਕਿ ਜੀਵਨ ਪੱਧਰ ਵਿੱਚ ਵਾਧੇ ਦੀ ਜਗ੍ਹਾ ਲਗਾਤਾਰ ਨਿਘਾਰ ਆ ਰਿਹਾ ਹੈ। ਸਾਡੇ ਆਲ਼ੇ ਦੁਆਲ਼ੇ ਨਿਗਾਹ ਮਾਰੀਏ ਤਾਂ ਅਸੀਂ ਵੇਖਦੇ ਹਾਂ ਕਿ ਵਿਗਿਆਨ ਅਤੇ ਤਕਨੀਕ ਦੇ ਅਥਾਹ ਵਿਕਾਸ ਦੇ ਬਾਵਜੂਦ ਸਾਡੀ ਅਬਾਦੀ ਦਾ ਵੱਡਾ ਹਿੱਸਾ ਗਰੀਬੀ-ਭੁੱਖਮਰੀ, ਬੇਰੁਜ਼ਗਾਰੀ ਆਦਿ ਦੀ ਮਾਰ ਝੱਲਦਾ ਹੋਇਆ ਇੱਕ ਜਿੱਲ੍ਹਤ ਭਰੀ ਜ਼ਿੰਦਗੀ ਜੀਣ ਲਈ ਮਜ਼ਬੂਰ ਹੈ। ਵੈਸੇ ਤਾਂ ਸਾਡੇ ਦੇਸ਼ ਵਿੱਚ ਨੌਜਵਾਨ ਅਬਾਦੀ ਦਾ ਇੱਕ ਵੱਡਾ ਹਿੱਸਾ ਬਣਦੇ ਹਨ, ਅਤੇ ਸਿੱਖਿਆ-ਰੁਜ਼ਗਾਰ ਆਦਿ ਇਹਨਾਂ ਦੀਆਂ ਸਮੱਸਿਆਵਾਂ ਵੀ ਬਹੁਤ ਭਿਅੰਕਰ ਹਨ, ਅੱਜ ਅਬਾਦੀ ਦਾ 9% ਹੁੰਦੇ ਹੋਏ ਵੀ ਇਹਨਾਂ ਬਜੁਰਗਾਂ ਦੀਆਂ ਸਮੱਸਿਆਵਾਂ ਨੂੰ ਅਣਗੌਲਿਆ ਨਹੀਂ ਕੀਤਾ ਜਾ ਸਕਦਾ। ਤੱਥਾਂ ਉੱਤੇ ਇਕ ਸਰਸਰੀ ਜਿਹੀ ਨਿਗਾਹ ਮਾਰਨ 'ਤੇ ਹੀ 'ਨਿਰਭਰਤਾ ਵਿੱਚ ਬੁਢਾਪਾ' ਕੱਟ ਰਹੀ ਅਬਾਦੀ ਦੀ ਇੱਕ ਖੌਫਨਾਕ ਤਸਵੀਰ ਸਾਡੇ ਸਾਹਮਣੇ ਆਉਂਦੀ ਹੈ। ਇੱਕ ਰਿਪੋਰਟ ਮੁਤਾਬਕ ਬੁਢਾਪੇ ਵਿੱਚ ਨਿਰਭਰਤਾ ਦੀ ਦਰ ਜੋਕਿ 1961 ਵਿੱਚ 10.9% ਸੀ, 2011 ਵਿੱਚ ਵਧਕੇ 14.2% ਤੱਕ ਪਹੁੰਚ ਗਈ। 2011 ਦੀ ਜਨਗਣਨਾ ਦੇ ਮੁਤਾਬਕ ਭਾਰਤ ਵਿੱਚ 60 ਸਾਲ ਤੋਂ ਜ਼ਿਆਦਾ ਉਮਰ ਵਾਲ਼ੀ ਅਬਾਦੀ ਦੀ ਗਿਣਤੀ ਦਸ ਕਰੋੜ ਤੋਂ ਵੱਧ ਹੈ, ਜੋਕਿ ਕੁੱਲ ਅਬਾਦੀ ਦਾ 9 ਫੀਸਦੀ ਤੋਂ ਵੱਧ ਬਣਦੀ ਹੈ ਅਤੇ ਅਬਾਦੀ ਦਾ ਇਹ ਉਮਰ ਵਰਗ 2050 ਤੱਕ ਕੁੱਲ ਅਬਾਦੀ ਦਾ 19 ਫੀਸਦੀ ਹੋ ਜਾਣ ਦਾ ਪੂਰਾ ਖਦਸ਼ਾ ਹੈ। ਪਰਿਵਾਰਾਂ ਵਿੱਚ ਰਹਿੰਦੇ ਬਜੁਰਗਾਂ ਵਿੱਚ 60% ਨੂੰ ਦੁਰਵਿਹਾਰ ਦਾ ਸਾਹਮਣਾਂ ਕਰਨਾ ਪੈਂਦਾ ਹੈ। ਇਹ ਦੁਰਵਿਹਾਰ ਕਈ ਰੂਪਾਂ ਵਿੱਚ ਸਾਹਮਣੇ ਆਉਂਦਾ ਹੈ। ਸਰੀਰਕ ਤਸੀਹਿਆਂ ਰਾਹੀਂ, ਮਾਨਸਿਕ ਤਸੀਹਿਆਂ ਰਾਹੀਂ, ਮਨੋਵਿਗਿਆਨਕ ਤਸੀਹਿਆਂ ਰਾਹੀਂ ਆਦਿ ਅਨੇਕਾਂ ਤਰੀਕਿਆਂ ਨਾਲ਼ ਇਹਨਾਂ ਨਾਲ਼ ਦੁਰਵਿਹਾਰ ਕੀਤਾ ਜਾਂਦਾ ਹੈ ਜਿਸਦੀਆਂ ਉਦਾਹਰਣਾਂ ਸਾਨੂੰ ਰੋਜਾਨਾ ਆਪਣੇ ਆਲ਼ੇ ਦੁਆਲ਼ੇ ਜਾਂ ਖ਼ਬਰਾਂ ਵਿੱਚ ਸੁਣਨ ਨੂੰ ਮਿਲ਼ਦੀਆਂ ਹਨ ਕਿ ਕਿਸ ਤਰ੍ਹਾਂ ਘਰਾਂ ਵਿੱਚ ਕੈਦ ਕਰ ਕੇ ਉਹਨਾਂ ਤੋਂ ਇੱਕ ਕੈਦੀ ਦੀ ਤਰ੍ਹਾਂ ਰੋਜਾਨਾਂ ਦੇ ਕੰਮ ਕਰਵਾਏ ਜਾਂਦੇ ਹਨ, ਨਾਂਹ-ਨੁੱਕਰ ਕਰਨ 'ਤੇ ਘਰੋਂ ਕੱਢ ਦਿੱਤੇ ਜਾਣ ਦੀਆਂ ਧਮਕੀਆਂ ਦਿੱਤੀਆਂ ਜਾਂਦੀਆਂ ਹਨ, ਬੁਢਾਪਾ ਘਰਾਂ, ਵਿੱਚ ਉਹਨਾਂ ਨੂੰ ਛੱਡ ਦਿੱਤਾ ਜਾਂਦਾ ਹੈ ਅਤੇ ਓਥੇ ਵੀ ਜਿਸਮਾਨੀ ਛੇੜ ਛਾੜ ਦਾ ਸ਼ਿਕਾਰ ਹੋਣਾ ਪੈਂਦਾ ਹੈ। ਇਹਨਾਂ ਪੀੜਤਾਂ ਵਿੱਚੋਂ 37% ਬਜੁਰਗਾਂ ਨਾਲ਼ ਘਰਾਂ ਵਿੱਚ ਰੋਜਾਨਾਂ ਦੁਰਵਿਹਾਰ ਕੀਤਾ ਜਾਂਦਾ ਹੈ, 20% ਨੂੰ ਕੈਦੀਆਂ ਵਰਗੀ ਜ਼ਿੰਦਗੀ ਬਿਤਾਉਣੀ ਪੈਂਦੀ ਹੈ, 13% ਨੂੰ ਮਾਨਸਿਕ ਸ਼ੋਸ਼ਣ, ਗਾਲੀ ਗਲੋਚ ਆਦਿ ਸਹਿਣਾ ਪੈਂਦਾ ਹੈ, 9% ਨੂੰ ਕੁੱਟ ਮਾਰ ਤੇ ਹੋਰ ਜਿਸਮਾਨੀ ਸ਼ੋਸ਼ਣ ਸਹਿਣਾ ਪੈਂਦਾ ਹੈ, ਅਤੇ ਬਾਕੀ 8% ਨੂੰ ਅਨੇਕਾਂ ਤਰ੍ਹਾਂ ਦੇ ਅਪਮਾਨ ਸਹਿਣੇ ਪੈਂਦੇ ਹਨ, ਘਰਾਂ ਵਿੱਚ ਵੀ ਇਕੱਲੇ ਰਹਿ ਰਹੇ ਬਜੁਰਗਾਂ ਨਾਲ਼ ਲੁੱਟ ਖੋਹ ਦੇ ਮਾਮਲੇ ਆਮ ਹੀ ਸੁਣਨ ਨੂੰ ਮਿਲ਼ਦੇ ਹਨ। 'ਏਜਵੈਲ ਫ਼ਾਉਂਡੇਸ਼ਨ' ਦੀ ਇੱਕ ਰਿਪੋਰਟ ਮੁਤਾਬਕ ਇਸ ਅਬਾਦੀ ਵਿੱਚੋਂ 65 ਫੀਸਦੀ ਗਰੀਬ ਹਨ ਜਿਹਨਾਂ ਕੋਲ ਆਮਦਨ ਦਾ ਕੋਈ ਸਰੋਤ ਨਹੀਂ ਅਤੇ ਬਾਕੀਆਂ ਵਿੱਚ ਵੀ ਚੰਗੀ ਆਰਥਿਕ ਸਥਿਤੀ ਦੇ ਬਾਵਜੂਦ ਬਹੁਤਿਆਂ ਨਾਲ਼ ਕਿਸੇ ਨਾਂ ਕਿਸੇ ਰੂਪ ਵਿੱਚ ਦੁਰਵਿਹਾਰ ਹੁੰਦਾ ਹੀ ਹੈ ਜਿਸ ਕਾਰਨ ਸਾਡੇ ਸਮਾਜ ਦੇ ਬਹੁਤੇ ਬਜੁਰਗ (ਲਗਭਗ 40 ਫੀਸਦੀ) ਅਣਮਨੁੱਖੀ ਹਾਲਤਾਂ ਵਿੱਚ ਜੀਵਨ ਬਤੀਤ ਕਰਨ ਲਈ ਮਜ਼ਬੂਰ ਹਨ ਮਤਲਬ ਇਹ ਕਿ ਅਬਾਦੀ ਦਾ ਇਹ ਹਿੱਸਾ ਸਮਾਜਕ ਤੌਰ 'ਤੇ ਪੂਰੀ ਤਰ੍ਹਾਂ ਅਸੁਰੱਖਿਅਤ ਹੈ, ਜਾਂ ਇੰਜ ਕਹਿ ਲਈਏ ਅਸਲ ਵਿੱਚ ਸਾਡਾ ਮੌਜੂਦਾ ਸਮਾਜ ਇਹਨਾਂ ਨੂੰ ਸੁਰੱਖਿਆ ਦੇਣ ਤੋਂ ਅਸੱਮਰਥ ਸਾਬਤ ਹੋ ਚੁੱਕਾ ਹੈ।





ਵਿਜੈ ਗਰਗ
ਸਾਬਕਾ ਪੀਈਐਸ-1
ਸੇਵਾ ਮੁਕਤ
ਪ੍ਰਿੰਸਪਲ, ਮਲੋਟ

ਫਿਰ ਬਜੁਰਗਾਂ ਦੀ ਅਣਦੇਖੀ ਕਰਦੇ ਸਾਡੇ ਪਰਿਵਾਰ ਜਾਂ ਫਿਰ ਵੱਡੇ ਪੈਮਾਨੇ 'ਤੇ ਲੋਕਾਂ ਵਿੱਚ ਫੈਲੀਆਂ ਹੋਈਆਂ ਮੌਜੂਦਾ ਸਰਮਾਏਦਾਰਾ ਸੱਭਿਆਚਾਰਕ ਕਦਰਾਂ ਕੀਮਤਾਂ। ਸੱਚ ਤਾਂ ਇਹ ਹੈ ਕਿ ਮੌਜੂਦਾ ਸਰਕਾਰਾਂ (ਚਾਹੇ ਉਹ ਕੋਈ ਵੀ ਹੋਣ) ਹਰ ਸਮੇਂ ਲੋਕਾਂ ਦਾ ਖ਼ੂਨ ਚੂਸ ਕੇ ਪਲਣ ਵਾਲ਼ੇ ਸਰਮਾਏਦਾਰੀ ਢਾਂਚੇ ਦੀ ਉਮਰ ਲੰਮੀ ਕਰਨ ਦੀਆਂ ਯੋਜਨਾਵਾਂ ਬਣਾਉਂਦੀਆਂ ਰਹਿੰਦੀਆਂ ਹਨ। ਅਜਿਹਾ ਨਹੀਂ ਕਿ ਉਹਨਾਂ ਕੋਲ ਲੋਕਾਂ ਨੂੰ ਇੱਕ ਸੁਰੱਖਿਅਤ ਜੀਵਨ ਮੁਹੱਈਆ ਕਰਾਉਣ ਲਈ ਸਾਧਨਾਂ ਜਾਂ ਪੈਸੇ ਦੀ ਕਮੀ ਹੈ, ਸਗੋਂ ਉਹ ਤਾਂ ਅਰਬਾਂ-ਖਰਬਾਂ ਰੁਪਏ ਕੁੱਝ ਇੱਕ ਦੁੱਕਾ ਸਰਮਾਏਦਾਰਾਂ ਨੂੰ ਉਜਾੜੇ ਤੋਂ ਬਚਾਉਣ ਲਈ ਮਿੰਟਾਂ-ਸਕਿੰਟਾਂ ਵਿੱਚ ਹੀ ਉੜਾ ਦਿੰਦੀਆਂ ਹਨ।


ਇਸ ਦੇ ਸਿਰ 'ਤੇ ਇੱਕ ਮਾਨ ਸਨਮਾਨ ਦੀ ਜ਼ਿੰਦਗੀ ਜੀਣਾ ਤਾਂ ਦੂਰ ਦੀ ਗੱਲ ਹੈ ਇਸ ਨਿਗੂਣੀ ਜਿਹੀ ਪੈਨਸ਼ਨ ਨੂੰ ਹਾਸਲ ਕਰਨ ਲਈ ਬਜੁਰਗਾਂ ਨੂੰ ਪਤਾ ਨਹੀਂ ਕਿਹੜੇ ਕਿਹੜੇ ਜਫ਼ਰ ਜਾਲਣੇ ਪੈਂਦੇ ਹਨ, ਅਧਿਕਾਰੀਆਂ ਦੇ ਤਾਨੇ ਮੇਹਣੇ ਸੁਣਨੇ ਪੈਂਦੇ ਹਨ, ਦਫਤਰਾਂ ਦੇ ਕਈ ਕਈ ਗੇੜੇ ਮਾਰਨੇ ਪੈਂਦੇ ਹਨ। 'ਹੈਲਪ ਏਜ ਇੰਡੀਆ' ਦੇ ਅਨੁਸਾਰ ਕਿਸੇ ਕਿਸਮ ਦੀ ਪੈਦਾਵਾਰੀ ਸਰਗਰਮੀ ਦਾ ਹਿੱਸਾ ਨਾਂ ਹੋਣ ਕਾਰਨ ਸਰਕਾਰਾਂ ਇਹਨਾਂ ਨੂੰ ਗੌਲਦੀਆਂ ਹੀ ਨਹੀਂ ਅਤੇ ਪਰਿਵਾਰਾਂ ਨੂੰ ਇਹਨਾਂ ਦੀ ਦੇਖਭਾਲ ਲਈ ਜ਼ਿੰਮੇਵਾਰ ਠਹਿਰਾਉਂਦੀਆਂ ਹਨ। ਸੰਨ 2013 ਦੇ 'ਹੈਲਪ ਏਜ ਇੰਡੀਆ- ਰਿਸਰਚ ਐਂਡ ਡਿਵਲਪਮੈਂਟ ਜਰਨਲ' ਦੀ ਰਿਪੋਰਟ ਮੁਤਾਬਕ ਭਾਰਤ ਦੇ ਸਾਰੇ ਬਜੁਰਗਾਂ ਨੂੰ ਸਿਰਫ 2000 ਰੁਪਏ ਪ੍ਰਤੀ ਮਹੀਨੇ ਦੀ ਪੈਨਸ਼ਨ ਦੇਣ ਲਈ ਕੁੱਲ ਘਰੇਲੂ ਪੈਦਾਵਾਰ ਦੇ ਸਿਰਫ 1.8% ਦੀ ਹੀ ਜਰੂਰਤ ਹੈ ਪਰ ਇਹ ਨਿਗੂਣੀ ਜਿਹੀ ਰਕਮ ਵੀ ਸਰਕਾਰਾਂ ਇਹਨਾਂ 'ਤੇ ਖਰਚ ਨਹੀਂ ਕਰਨਾ ਚਾਹੁੰਦੀ ਦੂਜੇ ਪਾਸੇ ਵੱਡੇ ਵੱਡੇ ਬੇਲਆਉਟ ਪੈਕੇਜ ਤੱਕ ਦੇ ਦਿੱਤੇ ਜਾਂਦੇ ਹਨ। ਇਹ ਜਨਤਕ ਨੀਤੀਆਂ ਨਾਂ ਸਿਰਫ ਬਜੁਰਗਾਂ ਨੂੰ ਆਰਥਿਕ ਸੁਰੱਖਿਆ ਦੇਣ ਲਈ ਹੀ ਨਾਕਾਫੀ ਹਨ ਸਗੋਂ ਵਧਦੀ ਉਮਰ ਨਾਲ਼ ਉਹਨਾਂ ਵਿੱਚ ਵਧ ਰਹੀਆਂ ਬਿਮਾਰੀਆਂ, ਦਵਾਈਆਂ ਦੀ ਘਾਟ, ਜਰੂਰੀ ਖੁਰਾਕੀ ਤੱਤਾਂ ਦੀ ਘਾਟ ਆਦਿ ਕਈ ਸਮੱਸਿਆਵਾਂ ਹਨ ਜਿਹਨਾਂ ਲਈ ਸਰਕਾਰਾਂ ਕੋਲ ਕੋਈ ਠੋਸ ਨੀਤੀ ਨਹੀਂ ਹੈ। ਘਰਾਂ ਵਿੱਚ ਅਤੇ ਬਿਰਧ ਆਸ਼ਰਮਾਂ ਵਿੱਚ ਬਜੁਰਗਾਂ ਲਈ ਬਿਹਤਰ ਸੁਵਿਧਾਵਾਂ ਦੀ ਬਹੁਤ ਘਾਟ ਹੈ। ਬਜੁਰਗਾਂ ਨਾਲ਼, ਖਾਸ ਤੌਰ ਤੇ ਬਜੁਰਗ ਔਰਤਾਂ ਨਾਲ਼ ਹੁੰਦੀਆਂ ਅਪਰਾਧਕ ਹਰਕਤਾਂ ਨਾਲ਼ ਨਜਿੱਠਣ ਲਈ ਕੋਈ ਪ੍ਰਬੰਧ ਨਹੀਂ। ਅਸਲ ਵਿੱਚ ਆਪਣੀਆਂ ਇਹਨਾਂ ਸਰਮਾਏਦਾਰ ਪੱਖੀ ਅਤੇ ਲੋਕ ਦੋਖੀ ਨੀਤੀਆਂ ਰਾਹੀਂ ਹੀ ਤਾਂ ਸਰਕਾਰਾਂ ਇਹਨਾਂ ਸਰਮਾਏਦਾਰਾਂ ਦੀ ਸੇਵਾ ਕਰ ਰਹੀਆ ਹਨ, ਅਤੇ ਇਸ ਵਿਚ ਆਪਣੀ ਵੱਧ ਤੋਂ ਵੱਧ ਚਾਕਰੀ ਸਾਬਤ ਕਰਨ ਲਈ ਸੱਭ ਸਰਮਏਦਾਰਾ ਪਾਰਟੀਆਂ ਕੁੱਤਾ ਦੌੜ ਵਿੱਚ ਲੱਗੀਆਂ ਹੋਈਆਂ ਹਨ। ਇਹੀ ਕਾਰਨ ਹੈ ਕਿ ਇਹਨਾਂ ਦੁਆਰਾ ਬਣਾਈਆਂ ਜਨਤਕ ਨੀਤੀਆਂ ਬਜੁਰਗਾਂ ਦੀ ਇਸ ਅਬਾਦੀ ਦੀ ਵੱਡੇ ਪੱਧਰ 'ਤੇ ਜਾਣ ਬੁੱਝ ਕੇ ਅਣਦੇਖੀ ਕਰਦੀਆਂ ਹਨ।

ਪਰ ਮੌਜੂਦਾ ਸਰਮਾਏਦਾਰਾ ਪ੍ਰਬੰਧ ਅੰਦਰ ਪਰਿਵਾਰਾਂ ਵਿੱਚ ਆਪਸੀ ਰਿਸ਼ਤੇ, ਕਿਸੇ ਤਰ੍ਹਾਂ ਦੀ ਆਤਮਕ ਸਾਂਝ ਤੋਂ ਛੁੱਟ, ਲੈਣ-ਦੇਣ ਤੱਕ ਸਿਮਟ ਕੇ ਰਹਿ ਗਏ ਹਨ। ਸੋ ਇਸ ਤਰ੍ਹਾਂ ਦੀ ਸੰਸਥਾ ਤੋਂ ਵੀ ਕਿਸੇ ਤਰ੍ਹਾਂ ਦੀਆਂ ਉੱਚੀਆਂ ਕਦਰਾਂ ਕੀਮਤਾਂ ਦੀ ਉਮੀਦ ਕਰਨਾ, ਉਹ ਵੀ ਉਸ ਸਮੇਂ ਜਦ ਸਰਮਾਏਦਾਰੀ ਹਰ ਪਾਸਿਓਂ ਆਪਣਾ ਅਗਾਂਹਵਧੂ ਚਰਿੱਤਰ ਗਵਾ ਚੁੱਕੀ ਹੋਵੇ, ਇੱਕ ਭੋਲੀ ਇੱਛਾ ਹੀ ਹੋ ਸਕਦੀ ਹੈ। ਇਹੀ ਕਾਰਨ ਹੈ ਕਿ ਪਰਿਵਾਰਾਂ ਵਿੱਚ ਬਜੁਰਗਾਂ ਨਾਲ਼ ਅਣਮਨੁੱਖੀ ਵਿਹਾਰ ਇਕ ਆਮ ਵਰਤਾਰਾ ਬਣਦਾ ਜਾ ਰਿਹਾ ਹੈ। ਗੱਲ ਗੱਲ 'ਤੇ ਉਹਨਾਂ ਨੂੰ ਗਾਲੀ ਗਲੋਚ ਤੱਕ ਦਾ ਸਾਹਮਣਾਂ ਕਰਨਾ ਪੈ ਰਿਹਾ ਹੈ, ਬੱਚਿਆਂ ਵੱਲੋਂ ਮਾਪਿਆਂ ਨੂੰ ਕੁੱਟਣ ਤੱਕ ਦੀਆਂ ਖ਼ਬਰਾਂ ਅਖ਼ਬਾਰਾਂ ਵਿੱਚ ਆਮ ਹੀ ਵੇਖਣ ਨੂੰ ਮਿਲ਼ਦੀਆਂ ਹਨ, ਭਾਰਤ ਵਿੱਚ ਹਰ 10 ਬਜੁਰਗ ਜੋੜਿਆਂ ਵਿੱਚੋਂ 6 ਨੂੰ ਘਰ ਛੱਡਣ ਲਈ ਮਜ਼ਬੂਰ ਕੀਤਾ ਜਾਂਦਾ ਹੈ, ਇਹ ਵੱਖਰੀ ਗੱਲ ਹੈ ਕਿ ਸਮਾਜ ਵਿੱਚ ਆਪਣੀ ਅਤੇ ਆਪਣੇ ਪਰਵਾਰ ਦੀ ਸਾਖ ਨੂੰ ਬਚਾਉਣ ਕਾਰਨ, ਬਜੁਰਗਾਂ ਨਾਲ਼ ਹੁੰਦੇ ਦੁਰਵਿਹਾਰ ਵਿੱਚੋਂ 6 ਮਗਰ 1 ਕੇਸ ਹੀ ਸਾਹਮਣੇ ਆਉਂਦਾ ਹੈ।

"ਸਮੁੱਚੇ ਵਾਤਾਵਰਣ ਵਿੱਚ ਇੱਕ ਦੂਸਰੇ ਨੂੰ ਨਿੰਗਲਣ ਦੀ ਇੱਕ ਅਰਾਜਕ ਪ੍ਰਕਿਰਿਆ ਲਗਾਤਾਰ ਲਾਗੂ ਹੈ, ਸਾਰੇ ਮਨੁੱਖ ਇੱਕ ਦੂਸਰੇ ਦੇ ਦੁਸ਼ਮਣ ਹਨ; ਆਪਣਾ-ਆਪਣਾ ਢਿੱਡ ਭਰਨ ਦੀ ਇਸ ਗੰਦੀ ਲੜਾਈ ਵਿੱਚ ਹਿੱਸਾ ਲੈਣ ਵਾਲ਼ਾ ਹਰ ਆਦਮੀ ਸਿਰਫ ਆਪਣੀ ਹੀ ਸੋਚਦਾ ਹੈ ਅਤੇ ਆਪਣੇ ਚਾਰੇ ਪਾਸੇ ਸ਼ੱਕ ਦੀ ਨਜ਼ਰ ਨਾਲ਼ ਵੇਖਦਾ ਹੈ, ਤਾਂਕਿ ਗੁਆਂਢੀ ਕਿਤੇ ਉਸ ਦੀ ਗਰਦਨ ਨਾ ਦਬਾ ਦੇਵੇ। ਥਕਾਉਣ ਵਾਲ਼ੀ ਇਸ ਪਾਸ਼ਵਿਕ ਲੜਾਈ ਦੇ ਚੱਕਰਵਿਊਹ ਵਿਚ ਫਸ ਕੇ ਬੁੱਧੀ ਦੀਆਂ ਸਰਵਉੱਤਮ ਤਾਕਤਾਂ ਦੂਸਰੇ ਤੋਂ ਆਪਣੀ ਰੱਖਿਆ ਕਰਨ ਵਿੱਚ ਖਤਮ ਹੋ ਜਾਂਦੀਆਂ ਹਨ, ਮਨੁੱਖ ਦੇ ਤਜਰਬੇ ਦੀ ਇਹ ਪ੍ਰਾਪਤੀ ਜਿਸਨੂੰ "ਮੈਂ" ਕਹਿੰਦੇ ਹਨ, ਇੱਕ ਹਨੇਰਾ ਤਹਿਖਾਨਾ ਬਣ ਜਾਂਦੀ ਹੈ ਜਿਸ ਅੰਦਰ ਤਜਰਬੇ ਨੂੰ ਹੋਰ ਭਰਪੂਰ ਨਾ ਬਣਾਉਣ ਅਤੇ ਪੁਰਾਣੇ ਤਜਰਬੇ ਨੂੰ ਤਹਿਖਾਨੇ ਦੀਆਂ ਦਮ-ਘੋਟੂ ਕੋਠਰੀਆਂ ਵਿੱਚ ਬੰਦ ਰੱਖਣ ਦੀਆਂ ਨੀਚ ਪ੍ਰਵਿਰਤੀਆਂ ਭਾਰੂ ਰਹਿੰਦੀਆਂ ਹਨ। ਭਰੇ ਢਿੱਡ ਤੋਂ ਛੁੱਟ ਵਿਅਕਤੀ ਨੂੰ ਹੋਰ ਕੀ ਚਾਹੀਦਾ ਹੈ? ਇਸ ਮਕਸਦ ਨੂੰ ਪਾਉਣ ਲਈ ਮਨੁੱਖ ਆਪਣੇ ਉੱਚ-ਆਦਰਸ਼ਾਂ ਤੋਂ ਤਿਲਕ ਕੇ ਡਿੱਗ ਗਿਆ ਹੈ ਅਤੇ ਜਖਮੀ ਹੋ ਕੇ ਅੱਖਾਂ ਪਾੜੀ, ਦਰਦ ਨਾਲ਼ ਚੀਕਦਾ ਹੋਇਆ ਅਤੇ ਕਰਾਹੁੰਦਾ ਹੋਇਆ ਥੱਲੇ ਪਿਆ ਹੈ।"

## ਕੁੰਢੀਆਂ ਦੇ ਸਿੰਗ ਫਸ ਗਏ ਕੋਈ ਨਿਤਰੂ ਵੜੇਵੇਂ ਖਾਣੀ

ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਤੇ ਕੈਪਟਨ ਅਮਰਿੰਦਰ ਸਿੰਘ ਇਕ ਵਾਰ ਫਿਰ ਕਬੱਡੀ ਦੇ ਮੈਦਾਨ ਵਿੱਚ ਕਬੱਡੀ ਪਾਉਂਦੇ ਨਜ਼ਰ ਆ ਰਹੇ ਹਨ .ਆਮੋਂ ਸਾਹਮਣੇ ਖੜੇ ਹੋ ਕੇ ਡੋਲੇ ਫ਼ਰਕਾਉਂਦੇ ਹੋਏ ਪੱਟਾਂ ਤੇ ਥਾਪੀਆਂ ਮਾਰ ਰਹੇ ਹਨ .ਦੋਵੇ ਕਬੱਡੀ ਪਾਉਣ ਦੀ ਤਿਆਰੀ ਕਰ ਚੁਕੇ ਹਨ



ਸੂਬੇਦਾਰ ਜਸਵਿੰਦਰ
ਸਿੰਘ ਭੁਲੇਰੀਆ
ਮਮਦੋਟ
(ਫਿਰੋਜ਼ਪੁਰ)
7589155501

.ਕਦੇ ਸਿੱਧੂ ਰੇਡ ਪਾ ਕੇ ਕੈਪਟਨ ਦੇ ਪਾਲੇ ਦੇ 35-36 ਵਿਧਾਇਕ ਆਊਟ ਕਰ ਦਿੰਦਾ ਹੈ ਤੇ ਕਦੇ ਕੈਪਟਨ ਸਾਬ੍ਹ ਰੇਡ ਪਾ ਕੇ ਇਹ ਵਿਖਾ ਦਿੰਦਾ ਹੈ .ਕਿ ਮੇਰੇ ਪਾੜੇ ਵਿੱਚ 58 ਵਿਧਾਇਕ ਅਜੇ ਵੀ ਖੜ੍ਹੇ ਹਨ . ਹਰੀਸ਼ ਰਾਵਤ ਰੈਫਰੀ ਦਾ ਕੰਮ ਬੜੀ ਬਿਖੂਫ਼ੀ ਨਾਲ ਕਰ ਰਹੇ ਹਨ .ਕੁੱਝ ਕੁ ਵਿਧਾਇਕ ਕਬੱਡੀ ਦਾ ਅਨੰਦ ਲੈ ਰਹੇ ਹਨ .ਕਦੇ ਰਾਤ ਦੀ ਰੋਟੀ ਦੇ ਬਹਾਨੇ ਸ਼ਕਤੀ ਪ੍ਰਦਰਸ਼ਨ ਤੇ ਕਦੇ ਪਾਰਟੀ ਵਰਕਰਾਂ ਨਾਲ ਮਿਲਣੀ . ਕਈ ਵਿਧਾਇਕ ਤਾਂ ਪਾਸਾ ਵੱਟ ਕੇ ਬੈਠ ਗਏ ਹਨ .ਕਿ ਇਕ ਵਾਰ ਇਹ ਆਪਣਾ ਆਪਣਾ ਜ਼ੋਰ ਲਾ ਹੀ ਲੈਣ ਜਿਹੜਾ ਜਿੱਤ ਗਿਆ ਅਸੀਂ ਉਸ ਪਾਸੇ ਜਾ ਕੇ ਖੜ੍ਹੇ ਹੋ ਜਾਵਾਂਗੇ .ਸਿੱਧੂ ਨੂੰ ਆਪਣੀ ਸਿਆਸਤ ਤੇ ਪੂਰਾ ਫਰੋਸਾ ਹੈ .ਕੈਪਟਨ ਦੇ ਸਿਰ ਉਤੇ ਦਿੱਲੀ ਦਾ ਹੱਥ ਹੈ . ਝੁੱਕਣ ਨੂੰ ਕੋਈ ਵੀ ਤਿਆਰ ਨਹੀਂ .ਕਿਉਂਕਿ ਇਕ ਮੁਖ ਮੰਤਰੀ ਤੇ ਦੂਜਾ ਪਾਰਟੀ ਪ੍ਰਧਾਨ .ਹੁਣ ਇਕ ਮਿਆਨ ਵਿੱਚ ਦੋ ਤਲਵਾਰਾਂ ਕਿਵੇਂ ਰਹਿਣਗੀਆਂ .ਇਸ ਬਾਰੇ ਚਰਚਾ ਥਾਂ ਥਾਂ ਤੇ ਹੋ ਰਹੀ ਹੈ . ਸਿੱਧੂ ਨੇ ਇਕ ਫਿਰ ਤੋਂ ਸਿਆਸੀ ਹਮਲਾਵਰ ਰੁਖ ਅਖਤਿਆਰ ਕੀਤਾ ਹੈ। ਸਿੱਧੂ ਨੇ ਆਪਣੇ ਸਲਾਹਕਾਰ ਮਾਲਵਿੰਦਰ ਸਿੰਘ ਮਾਲੀ ਦੇ ਅਸਤੀਫੇ ਤੋਂ ਬਾਅਦ ਕਿਹਾ ਹੈ .ਕਿ ਉਨ੍ਹਾਂ ਨੇ ਹਾਈ ਕਮਾਂਡ ਨੂੰ ਕਹਿ ਦਿੱਤਾ ਹੈ ਕਿ ਉਹ ਅਜਿਹਾ ਦਰਸ਼ਨੀ ਘੋੜਾ ਬਣ ਕੇ ਪ੍ਰਧਾਨ ਨਹੀਂ ਰਹਿਣਾ ਚਾਹੁੰਦੇ, ਜਿਸ ਨੂੰ ਫੈਸਲੇ ਲੈਣ ਦਾ ਅਧਿਕਾਰ ਨਹੀਂ ਹੈ। ਸਿੱਧੂ ਨੇ ਹਾਈਕਮਾਂਡ ਨੂੰ ਸਿੱਧੀ ਸਿਆਸੀ ਧਮਕੀ ਦਿੰਦਿਆਂ ਕਿਹਾ ਕਿ ਜੇ ਉਨ੍ਹਾਂ ਨੂੰ ਫੈਸਲੇ ਲੈਣ ਦਾ ਅਧਿਕਾਰ ਨਾ ਦਿੱਤਾ ਗਿਆ ਤਾਂ ਉਹ ਇੱਟ ਦੇ ਨਾਲ ਇੱਟ ਖੜਕਾ ਦੇਣਗੇ। ਧਿਆਨ ਰਹੇ ਕਿ ਨਵਜੋਤ ਸਿੱਧੂ ਅੰਮ੍ਰਿਤਸਰ ਵਿੱਚ ਆਪਣੇ ਸਮਰਥਕਾਂ ਨੂੰ ਸੰਬੋਧਨ ਕਰ ਰਹੇ ਸਨ। ਸਿੱਧੂ ਨੇ ਕਿਹਾ ਕਿ ਜੇਕਰ ਉਨ੍ਹਾਂ ਨੂੰ ਨੀਤੀ ਅਨੁਸਾਰ ਕੰਮ ਕਰਨ ਦੀ ਇਜਾਜ਼ਤ ਦਿੱਤੀ ਜਾਂਦੀ ਹੈ ਤਾਂ ਉਹ 20 ਸਾਲਾਂ ਤੱਕ ਕਾਂਗਰਸ ਦੇ ਰਾਜ ਨੂੰ ਯਕੀਨੀ ਬਣਾ ਦੇਣਗੇ। ਜੇ ਕਰ ਮੈਨੂੰ ਫੈਸਲੇ ਲੈਣ ਦੀ ਇਜਾਜ਼ਤ ਨਹੀਂ ਦਿੰਦੇ ਤਾਂ ਮੈਂ ਕਿਸੇ ਦੀ ਮਦਦ ਨਹੀਂ ਕਰ ਸਕਦਾ। ਉਧਰ ਦੂਜੇ ਪਾਸੇ ਕਾਂਗਰਸ ਦੇ ਜਨਰਲ ਸਕੱਤਰ ਅਤੇ ਪੰਜਾਬ ਦੇ ਇੰਚਾਰਜ ਹਰੀਸ਼ ਰਾਵਤ ਦਾ ਕਹਿਣਾ ਹੈ ਕਿ ਪਾਰਟੀ ਦੇ ਸੂਬਾ ਮੁਖੀਆਂ ਨੂੰ ਪਾਰਟੀ ਦੇ ਰੁਤਬੇ ਅਤੇ ਸੰਵਿਧਾਨ ਦੇ ਦਾਇਰੇ ਵਿੱਚ ਕੰਮ ਕਰਨ ਅਤੇ ਫੈਸਲੇ ਲੈਣ ਦੇ ਪੂਰੇ ਅਧਿਕਾਰ ਹਨ। ਧਿਆਨ ਰਹੇ ਕਿ ਪੰਜਾਬ ਕਾਂਗਰਸ ਵਿਚ ਚੱਲ ਰਿਹਾ ਕਾਟੋ ਕਲੇਸ਼ ਕਿੱਧਰ ਨੂੰ ਜਾਵੇਗਾ ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ, ਕਿਉਂਕਿ 2022 ਦੇ ਸ਼ੁਰੂ ਵਿਚ ਪੰਜਾਬ ਵਿਧਾਨ ਸਭਾ ਚੋਣਾਂ ਹੋਣੀਆਂ ਹਨ, ਉਸ ਤੋਂ ਪਹਿਲਾਂ ਸਿਆਸੀ ਉਥਲ ਪੁਥਲ ਹੋਰ ਵੀ ਦੇਖਣ ਨੂੰ ਮਿਲੇਗੀ। ਅੱਜ ਮੁਹੰਮਦ ਸਦੀਕ ਦੇ ਗੀਤ ਦੇ ਬੋਲ ਲੋਕਾਂ ਦੇ ਮੂੰਹੋਂ ਆਪ ਮੁਹਾਰੇ ਹੀ ਨਿਕਲ ਰਹੇ ਹਨ ਕਿ" ਕੁੰਢੀਆਂ ਦੇ ਸਿੰਗ ਫਸ ਗਏ ਕੋਈ ਨਿਤਰੁ ਵੜੇਵੇਂ ਖਾਣੀ।"

## ਮਹਾਂਮਾਰੀ ਦੇ ਯੁੱਗ ਵਿੱਚ ਵਿਦਿਆਰਥੀ ਦੀਆਂ ਪੜ੍ਹਾਈ ਨਾਲ ਸਬੰਧਤ ਸਮਸਿਆਵਾਂ ਨੂੰ ਅਧਿਆਪਕ ਕਿਵੇ ਹੱਲ ਕਰੇ

ਪਿਛਲੇ ਦੋ ਸਾਲ ਤੋਂ ਦੁਨੀਆਂ ਭਰਾ ਚ ਫੈਲੇ ਕੋਰੋਨਾ ਦੇ ਕਹਿਰ ਨੇ ਜਿੱਥੇ ਸਮੁੱਚੀ ਦੁਨੀਆਂ ਨੂੰ ਪ੍ਰਭਾਵਿਤ ਕੀਤਾ ਹੈ, ਉੱਥੇ ਇਸ ਨੇ ਸਮੁੱਚੇ ਵਿਦਿਆਥੀਆਂ ਦੇ ਜੀਵਨ ਤੋਂ ਵੀ ਬਹੁਤ ਡੂੰਘਾ ਪ੍ਰਭਾਵ ਪਾਇਆ ਹੈ। ਇਸ ਮਹਾਂਮਾਰੀ ਨਾਲ ਦੁਨੀਆਂ ਭਰ ਵਿਚ ਪਏ ਹੋਰ ਘਾਟੇ ਤਾਂ ਦੇਰ-ਸਵੇਰ ਭਰੇ ਜਾ ਸਕਣਗੇ ਪਰ ਭਵਿੱਖ ਵਿਚ ਸਮੂਹ ਵਿਦਿਆਰਥੀਆਂ ਨੂੰ ਜੋ ਪੜ੍ਹਾਈ ਦਾ ਘਾਟਾ ਪਾਇਆ ਹੈ ਉਹ ਸ਼ਾਇਦ ਕਦੇ ਵੀ ਪੂਰਾ ਨਹੀਂ ਕੀਤਾ ਜਾ ਸਕਦਾ।

ਇਸ ਤਰ੍ਹਾਂ ਲੱਗਦਾ ਹੈ ਕਿ ਇਸ ਮਹਾਂਮਾਰੀ ਕਾਰਨ ਜਿਵੇਂ ਵਿਦਿਆਰਥੀਆਂ ਦੀ ਮੁਸਕਾਨ ਹੀ ਖਤਮ ਹੋ ਗਈ ਹੈ। ਬੇਸ਼ੱਕ ਇਸ ਔਖੀ ਘੜੀ ਵਿਚ ਦੋ ਵਾਰ ਸਕੂਲ ਲੱਗ ਚੁੱਕੇ ਹਨ ਪ੍ਰੰਤੂ ਫਿਰ ਵੀ ਅਚਾਨਕ ਸਕੂਲ ਬੰਦ ਹੋਣ ਦਾ ਮਨ ਵਿਚ ਡਰ ਹਰ ਸਮੇਂ ਸਤਾਉਂਦਾ ਰਹਿੰਦਾ ਹੈ। ਇਹੀ ਡਰ ਵਿਦਿਆਰਥੀਆਂ ਨੂੰ ਹਰ ਵਕਤ ਚਿੰਤਾ ਵਿਚ ਪਾ ਰਿਹਾ ਹੈ। ਬੱਚੇ ਪੜ੍ਹ ਤਾਂ ਰਹੇ ਹਨ ਪ੍ਰੰਤੂ ਉਹਨਾਂ ਦੇ ਮਨ ਵਿਚ ਹਰ ਸਮੇਂ ਇਹ ਡਰ ਬਣਿਆ ਰਹਿੰਦਾ ਹੈ ਕਿ ਪਤਾ ਨਹੀਂ ਕਦੋ ਸਕੂਲ ਬੰਦ ਹੋ ਜਾਣ ਅਤੇ ਉਹਨਾਂ ਦੀ ਕੀਤੀ-ਕਰਾਈ ਮਿਹਨਤ ਤੋਂ ਪਾਣੀ ਫਿਰ ਜਾਵੇ ਭਾਵੇ ਸਮੂਹ ਅਧਿਆਪਕਾਂ ਵੱਲੋਂ ਆਨਲਾਈਨ ਕਲਾਸਾਂ ਰਾਹੀਂ ਪੜ੍ਹਾਈ ਕਰਵਾ ਕੇ ਅਤੇ ਹੋਰ ਐਕਟੀਵਿਟੀਆਂ ਕਰਵਾ ਕੇ ਬੱਚਿਆਂ ਦੇ ਇਸ ਘਾਟ ਨੂੰ ਪੂਰਾ ਕਰਨ ਦਾ ਯਤਨ ਕੀਤਾ ਜਾ ਰਿਹਾ ਹਨ ਪ੍ਰੰਤੂ ਅਧਿਆਪਕਾਂ ਦੇ ਇਹਨਾਂ ਸਭ ਯਤਨਾਂ ਦੇ ਬਾਵਜੂਦ ਵਿਦਿਆਰਥੀ ਆਪਣੀ ਅਸਲੀ ਲਾਈਨ ਤੋਂ ਥਿੜਕ ਗਏ ਅਤੇ ਜ਼ੀਂਦਗੀ ਦੀ ਦੌੜ ਵਿਚ ਪਛੜ ਗਏ।

ਉਹਨਾਂ ਦੀ ਜ਼ੀਂਦਗੀ ਦੀ ਗੱਡੀ ਮੁੜ ਉਸ ਲਾਈਨ 'ਤੇ ਨਹੀਂ ਆ ਸਕੀ ਜਿਸ ਲਾਈਨ 'ਤੇ ਉਨ੍ਹਾਂ ਨੂੰ ਹੋਣਾ ਚਾਹੀਦਾ ਸੀ। ਇਸ ਬਿਮਾਰੀ ਕਾਰਨ ਬੱਚਿਆਂ ਦੇ ਮਾਨਸਿਕ ਪੱਧਰ ਤੇ ਬਹੁਤ ਹੀ ਡੂੰਘਾ ਅਸਰ ਪਿਆ ਹੈ। ਵਿਦਿਆਰਥੀ ਸਕੂਲ ਤਾਂ ਆਉਂਦੇ ਹਨ ਪ੍ਰੰਤੂ ਇਸ ਤਰ੍ਹਾਂ ਲੱਗਦੇ ਹਨ ਜਿਵੇਂ ਉਹ ਪਹਿਲੀ ਵਾਰ ਸਕੂਲ ਆਏ ਹੋਣਾ ਇੱਕ ਅਧਿਆਪਕ ਜੋ ਪੜ੍ਹਾਈ ਸਕੂਲ ਵਿਚ ਕਰਵਾ ਸਕਦਾ ਹੈ ਉਹ ਪੜ੍ਹਾਈ ਮੋਬਾਇਲਾਂ ਅਤੇ ਕੰਪਿਊਟਰਾਂ 'ਤੇ ਆਨਲਾਈਨ ਢੰਗ ਨਾਲ ਨਹੀਂ ਕਰਵਾਈ ਜਾ ਸਕਦੀ। ਇਸ ਲਈ ਬਹੁਤ ਸਾਰੇ ਵਿਦਿਆਰਥੀਆਂ ਨੂੰ ਜੋ ਪੜ੍ਹਾਈ ਵਿਚ ਘਾਟਾ ਪਿਆ ਹੈ ਉਹ ਤਾਂ ਪਿਆ ਹੈ ਪ੍ਰੰਤੂ ਕੁੱਝ ਬੱਚੇ ਜੋ ਔਸਤ ਸਨ ਅਤੇ ਜਿਨ੍ਹਾਂ ਦਾ ਟੀਚਾ ਪਾਸ ਹੋਣ ਤੋਂ ਬਾਅਦ ਫੌਜ ਵਿਚ ਜਾਂ ਪੁਲਿਸ ਵਿਚ ਜਾ ਕੇ ਨੌਕਰੀ ਕਰਨ ਦਾ ਸੀ ਉਹ ਹੁਣ ਪੂਰਾ ਹੁੰਦਾ ਨਜਰ ਨਹੀਂ ਆਉਂਦਾ ਕਿਉਂਕਿ ਲਗਭਗ ਦੋ ਸਾਲ ਵਿਹਲੇ ਰਹਿਣ ਤੋਂ ਬਾਅਦ ਉਹਨਾਂ ਦਾ ਪੜ੍ਹਾਈ ਵਿਚ ਦਿਲ ਹੀ ਨਹੀਂ ਲੱਗਦਾ। ਉਹਨਾਂ ਵਿਦਿਆਰਥੀਆਂ ਲਈ ਇਹ ਬਹੁਤ ਹੀ ਔਖੀ ਘੜੀ ਹੈ। ਅਤੇ ਉਹਨਾਂ ਨੂੰ ਬਿਨਾਂ ਪੀ੍ਖਿਆ ਦਿੱਤਾ ਜਮਾਤ ਵਿੱਚ ਪਾਸ ਕਰ ਦਿੱਤਾ ਗਿਆ ਹੈ। ਜਦੋਂ ਇਹ ਵਿਦਿਆਰਥੀਆਂ ਨੌਕਰੀ ਲਈ ਆਪਣੇ ਡਾਕੂਮੈਂਟ (ਮਾਰਕਸੀਟ ਅਤੇ ਪਾਸ ਸਰਟੀਫਿਕੇਟ) ਕਿਸੇ ਕੰਪਨੀ ਜਾ ਦਾਇਰੇ ਕੋਲ ਲੈ ਕੇ ਜਾਣ ਗਏ ਤਾਂ ਕੰਪਨੀ ਜਾ ਉਹ ਦਾਇਰ ਉਸ ਤੋਂ ਉਸ ਪੜ੍ਹਾਈ ਬਾਰੇ ਜਾਣਕਾਰੀ ਲਾਵੇ ਗਾ ਤਾਂ ਉਸ ਨੂੰ ਇਸ ਬਾਰੇ ਕੁੱਝ ਵੀ ਨਹੀਂ ਆਉਂਦਾ ਹੋਵੇਗਾ। ਅਤੇ ਉਸ ਨੂੰ ਨੌਕਰੀ ਨਹੀਂ ਮਿਲਗੀ। ਇਸ ਲਈ ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਮਨ ਲਾ ਕੇ ਪੜ੍ਹਾਈ ਕਰਨ ਤਾ ਜੋ ਉਹਨਾਂ ਲਈ ਕੋਈ ਹੋਰ ਸਮਸਿਆਵਾਂ ਪੈਦਾ ਨਾ ਹੋਵੇ, ਜਿਨ੍ਹਾਂ ਵੀ ਹੋ ਸਕਦਾ ਹੈ ਅਧਿਆਪਕ ਦੀ ਮਦਦ ਲਈ ਜਾਵੇ।

ਸੋ ਮੈਨੂੰ ਲੱਗਦਾ ਹੈ ਕਿ ਇਸ ਔਖੀ ਘੜੀ ਵਿਚ ਅਧਿਆਪਕ ਦਾ ਰੋਲ ਬਹੁਤ ਹੀ ਅਹਿਮ ਹੋ ਜਾਂਦਾ ਹੈ। ਇਸ ਲਈ ਸਭ ਤੋਂ ਪਹਿਲਾਂ ਅਧਿਆਪਕ ਦਾ ਫਰਜ਼ ਹੈ ਕਿ ਵਿਦਿਆਰਥੀਆਂ ਦੇ ਮਨ ਨੂੰ ਫਰੋਲਿਆ ਜਾਵੇ, ਉਹਨਾਂ ਦੇ ਘਰ ਦੇ ਹਾਲਾਤਾਂ ਅਤੇ ਭਾਵਨਾਵਾਂ ਨੂੰ ਆਮ ਅਤੇ ਦੋਸਤਾਨਾ ਮਾਹੌਲ ਵਿਚ ਸਮਝਿਆ ਜਾਵੇ। ਉਸ ਨੂੰ ਦੇ ਮਨਾਂ ਨੂੰ ਦੁਬਾਰਾ ਪੜ੍ਹਨ ਲਈ ਤਿਆਰ ਕੀਤਾ ਜਾਵੇ। ਅਤੇ ਉਸਨੂੰ ਹੌਲੀ ਹੌਲੀ ਵਪਾਸ ਉਸ ਲਾਈਨ 'ਤੇ ਲਿਆਂਦਾ ਜਾ ਸਕਦਾ ਹੈ। ਇਸ ਲਈ ਵਿਦਿਆਰਥੀਆਂ ਨੂੰ ਸਿੱਖਣ-ਸਿਖਾਉਣ ਦੀ ਕਿਰਿਆ ਨੂੰ ਪ੍ਰੈਕਟੀਕਲ ਤੌਰ 'ਤੇ ਕਰਵਾਇਆ ਜਾਵੇ। ਤਾਂ ਕਿ ਵਿਦਿਆਰਥੀਆਂ ਦਾ ਮਨ ਫਿਰ ਪੜ੍ਹਾਈ ਵਿਚ ਲੱਗ ਸਕੇ

ਵਿਦਿਆਰਥੀਆਂ ਨਾਲ ਇੱਕ ਅਧਿਆਪਕ ਦਾ ਦੋਸਤ ਵਾਲਾ ਰਿਸ਼ਤਾ ਰੱਖਿਆ ਜਾਵੇ। ਤਾ ਜੋ ਵਿਦਿਆਰਥੀਆਂ ਦੇ ਦੋਸਤ ਬਣ ਕੇ ਸਿਖਾਉਣ ਨਾਲ ਉਹ ਜਲਦੀ ਸਿੱਖ ਜਾਂਦੇ ਹਨ। ਸੋ ਇਸ ਤਰ੍ਹਾਂ ਕਰਨ ਨਾਲ ਵਿਦਿਆਰਥੀ ਦੁਬਾਰਾ ਇੱਕ ਲੜੀ ਵਿਚ ਪਏ ਜਾ ਸਕਣਾ ਇਸ ਤਰ੍ਹਾਂ ਕਰਨ ਨਾਲ ਦੇਸ਼ ਦੇ ਭਵਿੱਖ ਨੂੰ ਗਲਤ ਰਸਤੇ ਤੇ ਜਾਣ ਤੋਂ ਰੋਕਿਆ ਜਾ ਸਕਦਾ ਹੈ

*-ਵਿਜੈ ਗਰਗ*
*ਸਾਬਕਾ ਪੀਈਐਸ -1*
*ਸਿੱਖਿਆ ਸ਼ਾਸਤਰੀ*
*ਸੇਵਾ ਮੁਕਤ ਪ੍ਰਿੰਸੀਪਲ*
*ਮਲੋਟ।*

## ਜੈ ਜਵਾਨ ਜੈ ਕਿਸਾਨ

ਖ਼ੂਨ ਡੁੱਲਿਆ ਅਜਾਈਂ ਨਾ ਜਾਣਾ ਦੇਸ਼ ਦੇ ਕਿਸਾਨਾਂ ਦਾ
ਧਰਤੀ ਮਾਂ ਦੇ ਜਾਏ ਸੂਰਬੀਰ ਪਹਿਲਵਾਨਾਂ ਦਾ
ਹੱਕ ਮੰਗਦੇ ਆ ਨਹੀਂ ਕਿਸੇ ਅੱਗੇ ਹੱਥ ਅੱਡਦੇ
ਜ਼ਾਲਮ ਸਰਕਾਰੇ ਨੀ ਤੂੰ ਅੜੀ ਛੱਡਦੇ।

ਅੱਜ ਤੱਕ ਨਾ ਜੰਗ ਹਾਰੀ ਤੇ ਨਾ ਹਾਰਦੇ
ਡੂੰਘੇ ਜ਼ਖ਼ਮ ਸਰੀਰਾਂ ਤੇ ਨੇ ਸਹਾਰਦੇ
ਭਾਵੇਂ ਰੰਬੀਆ ਤੇ ਆਰਿਆਂ ਨਾ ਵੱਡਦੇ
ਜ਼ਾਲਮ ਸਰਕਾਰੇ ਨੀ ਤੂੰ ਅੜੀ ਛੱਡਦੇ।

ਜੈ ਜਵਾਨ ਜੈ ਕਿਸਾਨ ਦਾ ਨਾਹਰਾ ਮਾਰਦੇ
ਇਤਿਹਾਸ ਪੜ੍ਹ ਤੱਤੀਆਂ ਤਵੀਆਂ ਨੂੰ ਠਾਰਦੇ
ਜਿੱਤ ਵਾਲੇ ਝੰਡੇ ਸਦਾ ਰਹੇ ਏ ਗੱਡਦੇ
ਜ਼ਾਲਮ ਸਰਕਾਰੇ ਨੀ ਤੂੰ ਅੜੀ ਛੱਡਦੇ।

ਧਰਤੀ ਨੂੰ ਸਿੰਜ ਫ਼ਸਲਾ ਨੇ ਉਗਾਵਦੇ
ਰੱਬ ਦੇ ਸਦਾ ਨੇ ਯੋਧੇ ਸੋਹਲੇ ਗਾਵਦੇ
ਸੁਖਚੈਨ,ਲੰਡਨ ਜਾ ਵੈਰੀ ਦੀ ਜਾਨ ਕੱਡਦੇ
ਜ਼ਾਲਮ ਸਰਕਾਰੇ ਨੀ ਤੂੰ ਅੜੀ ਛੱਡਦੇ।

*-ਸੁਖਚੈਨ ਸਿੰਘ, ਠੱਠੀ ਭਾਈ,*
*00971527632924*

## ਪੂਲਸ ਤਸ਼ੱਦਦ ਅਤੇ ਅਦਾਲਤੀ ਟਿੱਪਣੀਆਂ

-ਐਮ ਪੀ ਸਿੰਘ ਪਾਹਵਾ

ਜਦੋਂ ਵੀ ਕੋਈ ਜੁਰਮ ਵਾਪਰਦਾ ਹੈ ਤਾਂ ਇਸ ਦੀ ਸੂਚਨਾ ਪੁਲਸ ਨੂੰ ਦਿੱਤੀ ਜਾਂਦੀ ਹੈ। ਪੁਲਸ ਦਾ ਪਹਿਲਾ ਕੰਮ ਕੇਸ ਦਰਜ ਕਰਨਾ ਅਤੇ ਫਿਰ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨਾ ਹੁੰਦਾ ਹੈ। ਵੱਖਰੀ ਗੱਲ ਹੈ ਕਿ ਹਰ ਕੇਸ ਵਿੱਚ ਸਿੱਧੀ ਗ੍ਰਿਫ਼ਤਾਰੀ ਦੀ ਲੋੜ ਨਹੀਂ ਹੁੰਦੀ, ਸਗੋਂ ਮੁੱਢਲੀ ਜਾਂਚ ਕਰਨੀ ਹੁੰਦੀ ਹੈ ਅਤੇ ਫਿਰ ਜੇ ਜ਼ਰੂਰੀ ਸਮਝਿਆ ਜਾਵੇ ਤਾਂ ਗ੍ਰਿਫ਼ਤਾਰੀ ਕਰਨੀ ਬਣਦੀ ਹੈ, ਪਰ ਇਹ ਜ਼ਾਬਤਾ ਸਿਰਫ ਕੁਝ ਪ੍ਰਭਾਵਸ਼ਾਲੀ ਜਾਂ ਅਸਰ-ਰਸੂਖ ਵਾਲੇ ਲੋਕਾਂ ਲਈ ਹੁੰਦਾ ਹੈ, ਆਮ ਲੋਕਾਂ ਦੇ ਮਾਮਲੇ ਵਿੱਚ ਜੁਰਮ ਦੀ ਗੁਪਤ ਸੂਚਨਾ ਦੇ ਆਧਾਰ ਉੱਤੇ ਵੀ ਸ਼ੱਕੀ ਵਿਅਕਤੀਆਂ ਨੂੰ ਪੁਲਸ ਗ੍ਰਿਫ਼ਤਾਰ ਕਰ ਸਕਦੀ ਹੈ

ਫੌਜਦਾਰੀ ਕੇਸਾਂ ਵਿੱਚ ਅਕਸਰ ਦੋਸ਼ੀ ਦੀ ਗ੍ਰਿਫ਼ਤਾਰੀ ਜ਼ਰੂਰੀ ਸਮਝੀ ਜਾਂਦੀ ਹੈ। ਕਈ ਵਾਰ ਕੇਸ ਦਾ ਸੱਚ ਲੱਭਣ ਲਈ, ਮਾਲ ਬਰਾਮਦ ਕਰਵਾਉਣ ਜਾਂ ਅੰਨ੍ਹੇ ਜੁਰਮ (ਜਿਨ੍ਹਾਂ ਵਿੱਚ ਦੋਸ਼ੀ ਪਤਾ ਨਾ ਹੋਣ) ਦੇ ਦੋਸ਼ੀਆਂ ਦਾ ਪਤਾ ਕਰਨ ਲਈ ਸ਼ੱਕੀ ਵਿਅਕਤੀਆਂ ਦੀ ਗ੍ਰਿਫ਼ਤਾਰੀ ਜ਼ਰੂਰੀ ਹੋ ਜਾਂਦੀ ਹੈ। ਉਨ੍ਹਾਂ ਦੇ ਗ੍ਰਿਫ਼ਤਾਰ ਹੋਣ ਵਿੱਚ ਹੋ ਰਹੀ ਦੇਰੀ ਨਾਲ ਮੁਦੱਈ ਧਿਰ ਦਾ ਜਾਂਚ ਏਜੰਸੀਆਂ ਤੋਂ ਅਤੇ ਨਿਆਂ ਪ੍ਰਣਾਲੀ ਤੋਂ ਵਿਸ਼ਵਾਸ ਉਠਣ ਲੱਗ ਪੈਂਦਾ ਹੈ। ਇਸੇ ਕਰਕੇ ਬਹੁਤ ਵਾਰ ਮੁਦੱਈ ਧਿਰ ਦੋਸ਼ੀਆਂ ਦੀ ਗ੍ਰਿਫ਼ਤਾਰੀ ਦੀ ਮੰਗ ਬਾਰੇ ਉਚ ਅਧਿਕਾਰੀਆਂ ਤੱਕ ਅਤੇ ਅਦਾਲਤਾਂ ਤੱਕ ਪਹੁੰਚ ਕਰ ਸਕਦੀ ਹੈ। ਇਸ ਪੱਖੋਂ ਦੇਖਿਆ ਜਾਵੇ ਤਾਂ ਜੁਰਮ ਲਈ ਮੁਲਜ਼ਮ ਦੀ ਗ੍ਰਿਫ਼ਤਾਰੀ ਨਿਆਂ ਪ੍ਰਣਾਲੀ ਦਾ ਇੱਕ ਅਹਿਮ ਹਿਸਾ ਬਣ ਚੁੱਕੀ ਹੈ।

ਪੁਲਸ ਦਾ ਮੁੱਢਲਾ ਕੰਮ ਕਿਸੇ ਜੁਰਮ ਦੀ ਜਾਂਚ ਕਰਨਾ, ਸਬੂਤ ਇਕੱਠੇ ਕਰਨਾ ਅਤੇ ਫਿਰ ਮਾਮਲਾ ਅਦਾਲਤ ਵਿੱਚ ਪਹੁੰਚਾਉਣ ਦਾ ਹੁੰਦਾ ਹੈ। ਜਿਸ ਕੇਸ ਦੇ ਦੋਸ਼ੀ ਨਾਮਜ਼ਦ ਹੋਣ, ਮੌਕਾ ਗਵਾਹ ਸਾਹਮਣੇ ਆ ਜਾਣ, ਦੋਸ਼ੀਆਂ ਦਾ ਸਿੱਧਾ ਸੰਬੰਧ ਹੋਵੇ, ਓਥੇ ਪੁਲਸ ਨੂੰ ਜਾਂਚ ਕਰਨ ਵਿੱਚ ਕੋਈ ਦਿੱਕਤ ਨਹੀਂ ਆਉਂਦੀ। ਜਦੋਂ ਜੁਰਮ ਅਣਪਛਾਤਿਆਂ ਨੇ ਕੀਤਾ ਹੋਵੇ, ਮੌਕੇ ਦਾ ਕੋਈ ਗਵਾਹ ਨਾ ਹੋਵੇ ਤੇ ਦੋਸ਼ੀਆਂ ਤੱਕ ਲਿਜਾਣ ਲਈ ਕੋਈ ਸਬੂਤ ਵੀ ਹੱਥ ਨਾ ਲੱਗੇ, ਫਿਰ ਸੱਚਮੁੱਚ ਪੁਲਸ ਦਾ ਕੰਮ ਔਖਾ ਹੋ ਜਾਂਦਾ ਹੈ। ਪੁਲਸ ਨੂੰ ਵੱਖ-ਵੱਖ ਥਿਊਰੀਆਂ ਉੱਤੇ ਕੰਮ ਕਰਨਾ ਪੈਂਦਾ ਹੈ। ਸ਼ੱਕੀ ਲੋਕਾਂ ਨੂੰ ਫੜਨਾ ਪੈਂਦਾ ਹੈ। ਅਜਿਹੇ ਕੇਸਾਂ ਵਿੱਚ ਅਕਸਰ ਪੁਲਸ ਨੂੰ ਗ਼ੈਰ-ਕਾਨੂੰਨੀ ਢੰਗ ਅਪਣਾਉਣੇ ਪੈਂਦੇ ਹਨ, ਭਾਵ ਕੁਝ ਸਖ਼ਤੀ ਕਰਨੀ ਪੈਂਦੀ ਹੈ।

ਇਹ ਠੀਕ ਹੈ ਕਿ ਅੱਜ ਦੇ ਯੁੱਗ ਵਿੱਚ ਤਕਨੀਕ ਬਹੁਤ ਵਿਕਸਤ ਹੋ ਚੁੱਕੀ ਹੈ। ਫਾਰੈਂਸਿਕ ਸਾਇੰਸ ਵੀ ਵਰਤੋਂ ਵਿੱਚ ਹੈ, ਮੋਬਾਇਲ ਟਾਵਰ ਅਤੇ ਏ ਟੀ ਐਮ ਮਸ਼ੀਨਾਂ ਦੀ ਵਰਤੋਂ ਵੀ ਕਈ ਦੋਸ਼ੀਆਂ ਦੀ ਭਾਲ ਵਿੱਚ ਮਦਦਗਾਰ ਸਾਬਤ ਹੋ ਰਹੀ ਹੈ। ਇਨ੍ਹਾਂ ਵਿਗਿਆਨਿਕ ਤੇ ਤਕਨੀਕੀ ਸਾਧਨਾਂ ਦੇ ਬਾਵਜੂਦ ਪੁਲਸ ਕਈ ਵਾਰ ਗ਼ੈਰ-ਮਨੁੱਖੀ ਤਰੀਕੇ ਅਪਣਾ ਲੈਂਦੀ ਹੈ। ਦੋਸ਼ੀਆਂ ਉੱਤੇ ਤਸ਼ੱਦਦ ਕੀਤਾ ਜਾਂਦਾ ਹੈ। ਉਨ੍ਹਾਂ ਦੀ ਨਿੱਜਤਾ ਅਤੇ ਸਵੈ-ਸਤਿਕਾਰ ਲਈ ਸਾਧਾਰਨ ਤੋਂ ਗੈਰ-ਸਾਧਾਰਨ ਤੱਕ ਦੇ ਤਰੀਕੇ ਵਰਤੇ ਜਾਂਦੇ ਹਨ। ਇਨ੍ਹਾਂ ਤਰੀਕਿਆਂ ਵਿੱਚ ਕੁੱਟਮਾਰ ਕਰਨੀ, ਬੈਠਕਾਂ ਕਢਵਾਉਣੀਆਂ, ਭੁੱਖੇ-ਪਿਆਸੇ ਰੱਖਣਾ, ਸੌਣ ਨਾ ਦੇਣਾ, ਤੇਜ਼ ਰੌਸ਼ਨੀ ਵਾਲੇ ਬੱਲਬਾਂ ਅੱਗੇ ਖੜ੍ਹੇ ਰੱਖਣਾ, ਉਲਟਾ ਲਟਕਾਉਣਾ, ਖੱਸੀ ਕਰਨਾ ਅਤੇ ਬਰਾਂਡਿੰਗ ਸ਼ਾਮਲ ਹਨ। ਕਈ ਵਾਰ ਪੁਲਸ ਵੱਲੋਂ ਅਜਿਹੇ ਗੈਰ-ਮਨੁੱਖੀ ਢੰਗ ਅਪਣਾਏ ਜਾਂਦੇ ਹਨ, ਜਿਨ੍ਹਾਂ ਨੂੰ ਸੁਣ ਕੇ ਹੀ ਇਨਸਾਨੀਅਤ ਸ਼ਰਮਸਾਰ ਹੋਣ ਲੱਗਦੀ ਹੈ।

ਪਿਛਲੇ ਸਾਲ 'ਤਸ਼ੱਦਦ ਵਿਰੁੱਧ ਕੌਮੀ ਮੁਹਿੰਮ' ਨਾਮ ਦੀ ਗੈਰ-ਸਰਕਾਰੀ ਸੰਸਥਾ ਦੀ ਰਿਪੋਰਟ ਅਨੁਸਾਰ 2019 ਵਿੱਚ 125 ਵਿਅਕਤੀਆਂ ਦੀ 124 ਕੇਸਾਂ ਵਿੱਚ ਪੁਲਸ ਹਿਰਾਸਤ ਦੌਰਾਨ ਮੌਤ ਹੋ ਗਈ ਸੀ। ਪੁਲਸ ਤਸ਼ੱਦਦ ਦੇ ਪੀੜਤ ਲੋਕਾਂ ਅਤੇ ਉਨ੍ਹਾਂ ਦੇ ਵਾਰਿਸਾਂ ਵੱਲੋਂ ਅਕਸਰ ਅਜਿਹੇ ਤਸ਼ੱਦਦ ਵਿਰੁੱਧ ਦੁਹਾਈ ਪਾਈ ਜਾਂਦੀ ਹੈ। ਬਹੁਤ ਵਾਰ ਅਦਾਲਤਾਂ ਵੀ ਕੇਸ ਦੀ ਸੁਣਵਾਈ ਦੌਰਾਨ ਪੁਲਸ ਤਸ਼ੱਦਦ ਦੇ ਦੋਸ਼ਾਂ ਦਾ ਨੋਟਿਸ ਲੈਂਦੀਆਂ ਹਨ। ਭਾਰਤ ਦੀ ਸੁਪਰੀਮ ਕੋਰਟ ਦੇ ਚੀਫ ਜਸਟਿਸ ਦਾ ਕਹਿਣਾ ਹੈ ਕਿ ਥਾਣਿਆਂ ਵਿੱਚ ਨਾ ਮਨੁੱਖੀ ਹੱਕ ਸੁਰੱਖਿਅਤ ਹਨ ਤੇ ਨਾ ਸਰੀਰਕ ਤੌਰ ਉੱਤੇ ਕੋਈ ਵਿਅਕਤੀ ਸੁਰੱਖਿਅਤ ਰਹਿ ਸਕਦਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਕਈ ਵਾਰ ਰੱਜਿਆਂ-ਪੁੱਜਿਆਂ ਨੂੰ ਵੀ ਨਹੀਂ ਬਖਸ਼ਿਆ ਜਾਂਦਾ ਹੈ ਤੇ ਗੈਰ-ਮਨੁੱਖੀ ਸਲੂਕ ਕੀਤਾ ਜਾਂਦਾ ਹੈ। ਮਨੁੱਖੀ ਹੱਕ ਤੇ ਇੱਜ਼ਤ ਪਵਿੱਤਰ ਹਨ। ਹਿਰਾਸਤੀ ਤਸ਼ੱਦਦ ਅਤੇ ਹੋਰ ਕਈ ਤਰ੍ਹਾਂ ਦੇ ਤਸ਼ੱਦਦ ਵਰਗੀਆਂ ਸਮੱਸਿਆਵਾਂ ਅੱਜ ਵੀ ਸਮਾਜ ਵਿੱਚ ਹਨ। ਜਸਟਿਸ ਰਮੰਨਾ ਅਨੁਸਾਰ ਸੰਵਿਧਾਨਿਕ ਐਲਾਨਨਾਮੇ ਤੇ ਗਾਰੰਟੀਆਂ ਦੇ ਬਾਵਜੂਦ ਅਸਰਦਾਰ ਕਾਨੂੰਨੀ ਪ੍ਰਤੀਨਿਧਤਾ ਦੀ ਘਾਟ ਵੀ ਗ੍ਰਿਫ਼ਤਾਰ ਕੀਤੇ ਜਾਂ ਹਿਰਾਸਤ ਵਿੱਚ ਲਏ ਗਏ ਬੰਦੇ ਦੀ ਵੱਡੀ ਹਾਨੀ ਕਰਨ ਦੇ ਬਰਾਬਰ ਹਨ। ਇਸ ਲਈ ਪੁਲਸ ਵਧੀਕੀਆਂ ਉੱਤੇ ਨਜ਼ਰ ਰੱਖਣ ਲਈ ਕਾਨੂੰਨੀ ਸਹਾਇਤਾ ਦੇ ਸੰਵਿਧਾਨਿਕ ਅਧਿਕਾਰ ਬਾਰੇ ਲੋਕਾਂ ਤੱਕ ਜਾਣਕਾਰੀ ਪਹੁੰਚਾਉਣਾ ਬਹੁਤ ਜ਼ਰੂਰੀ ਹੈ।

ਇਸ ਤੋਂ ਪਹਿਲਾਂ ਫਰਵਰੀ ਵਿੱਚ ਇੱਕ ਸੇਵਾਮੁਕਤ ਪੁਲਸ ਕਰਮਚਾਰੀ (ਦੋਸ਼ੀ) ਦੀ ਅਪੀਲ ਦੀ ਸੁਣਵਾਈ ਦੌਰਾਨ ਵੀ ਸੁਪਰੀਮ ਕੋਰਟ ਦੀ ਟਿੱਪਣੀ ਸੀ ਕਿ ਥਾਣੇ ਅੰਦਰ ਕਿਸੇ ਮੁਜਰਮ ਦੀ ਮਾਰਕੁੱਟ ਨਾਲ ਸਮਾਜ ਵਿੱਚ ਡਰ ਦੀ ਭਾਵਨਾ ਪੈਦਾ ਹੁੰਦੀ ਹੈ ਅਤੇ ਪੁਲਸ ਵੱਲੋਂ ਅਜਿਹਾ ਜ਼ੁਲਮ ਕਿਸੇ ਵੀ ਤਰ੍ਹਾਂ ਮੁਆਫੀ ਯੋਗ ਨਹੀਂ ਹੈ। ਪੁਲਸ ਹਿਰਾਸਤ ਵਿੱਚ ਮੌਤ ਦੇ ਹੋਰ ਵੀ ਕਾਰਨ ਹੋ ਸਕਦੇ ਹਨ ਜਿਵੇਂ ਬੁਢਾਪਾ, ਕੋਈ ਪੁਰਾਣੀ ਬੀਮਾਰੀ, ਡਾਕਟਰੀ ਸਹੂਲਤਾਂ ਦੀ ਘਾਟ, ਜੇਲ ਵਿੱਚ ਬੇਲੋੜਾ ਭੀੜ-ਭੜੱਕਾ, ਪਰ ਪੁਲਸ ਕਾਰਜ ਪ੍ਰਣਾਲੀ ਵਿੱਚ ਸੁਧਾਰ ਦੀ ਘਾਟ, ਉਨ੍ਹਾਂ ਦੀ ਜਵਾਬਦੇਹੀ ਨਾ ਹੋਣਾ, ਫਾਰੈਂਸਿਕ ਤਕਨੀਕ ਦੀ ਸਹੀ ਵਰਤੋਂ ਨਾ ਕਰਨਾ ਵੀ ਇਸ ਦੇ ਮੁੱਖ ਕਾਰਨ ਹਨ। ਪੁਲਸ ਸਮਾਜ ਦੀ ਰਖਵਾਲੀ ਹੈ, ਕਾਨੂੰਨ ਦੀ ਪਾਲਣਾ ਕਰਨਾ ਅਤੇ ਕਰਵਾਉਣਾ ਉਸ ਦੀ ਜ਼ਿੰਮੇਵਾਰੀ ਹੈ। ਪੁਲਸ ਤਸ਼ੱਦਦ ਸਮਾਜ ਵਿੱਚ ਸਹਿਮ ਪੈਦਾ ਕਰਦਾ ਹੈ। ਕਈ ਵਾਰ ਬੇਕਸੂਰੇ ਵੀ ਪੁਲਸ ਤਸ਼ੱਦਦ ਦੇ ਡਰ ਨਾਲ ਕਸੂਰ ਮੰਨ ਲੈਂਦੇ ਹਨ, ਜਿਸ ਕਾਰਨ ਅਸਲ ਦੋਸ਼ੀ ਬਚ ਨਿਕਲਦੇ ਹਨ ਤੇ ਉਨ੍ਹਾਂ ਨੂੰ ਹੋਰ ਜੁਰਮ ਕਰਨ ਦੀ ਸ਼ਹਿ ਮਿਲਦੀ ਹੈ। ਪੁਲਸ ਤਸ਼ੱਦਦ ਦੇ ਖਾਤਮੇ ਲਈ ਅਦਾਲਤ ਦੀਆਂ ਸਮੇਂ-ਸਮੇਂ ਦੀਆਂ ਟਿੱਪਣੀਆਂ ਅਤੇ ਭਾਰਤ ਦੇ ਮੁੱਖ ਜੱਜ ਦੇ ਵਿਚਾਰ ਵਿਸ਼ੇਸ਼ ਧਿਆਨ ਦੀ ਮੰਗ ਕਰਦੇ ਹਨ।



# ਸੁਖਬੀਰ ਬਾਦਲ ਦੀ ਮਾਛੀਵਾੜਾ ਸ਼ਹਿਰ ਵਿਚਲੀ ਬੈਠਕ ਵੀ ਕਿਸਾਨਾਂ ਦੇ ਰੋਸ ਕਾਰਨ ਰੱਦ

* ਮੁਜ਼ਾਹਰਾਕਾਰੀਆਂ ਨੇ ਮੀਟਿੰਗ ਵਾਲਾ ਪੈਲੇਸ ਘੇਰਿਆ, ਗੱਡੀਆਂ ਦੀ ਭੰਨਤੋੜ



ਮਾਛੀਵਾੜਾ, 31 ਅਗਸਤ (ਪੋਸਟ ਬਿਊਰੋ)- ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਕੁਝ ਪਿੰਡਾਂ ਵਿੱਚ ਰੈਲੀਆਂ ਕਰਨ ਪਿੱਛੋਂ ਕੱਲ੍ਹਜਦੋਂਮਾਛੀਵਾੜਾ ਸ਼ਹਿਰ ਦੇ ਨਾਗਰਾ ਪੈਲੇਸ ਵਿਖੇ ਰੱਖੀ ਮੀਟਿੰਗ ਨੂੰ ਸੰਬੋਧਨ ਕਰਨ ਚੱਲੇ ਸਨ ਤਾਂ ਉਸ ਤੋਂ ਪਹਿਲਾਂ ਕਿਸਾਨਾਂ ਦੀ ਭਾਰੀ ਭੀੜ ਨੇ ਮੀਟਿੰਗ ਵਾਲਾ ਪੈਲੇਸ ਘੇਰ ਲਿਆ ਅਤੇ ਜ਼ਬਰਦਸਤ ਵਿਰੋਧ ਕਾਰਨ ਬਾਦਲ ਨੂੰ ਆਪਣੀ ਰੈਲੀ ਮੁਲਤਵੀ ਕਰਨੀ ਪਈ। ਇੱਥੇ ਨਾਗਰਾ ਪੈਲੇਸ ਨੇੜੇ ਅਕਾਲੀ ਵਰਕਰਾਂ ਤੇ ਕਿਸਾਨਾਂ ਵਿਚਕਾਰ ਹਲਕੀ ਝੜਪ ਵੀ ਹੋਈ, ਜਿਸ ਵਿੱਚ ਚਾਰ ਗੱਡੀਆਂ ਨੁਕਸਾਨੀਆਂ ਦੱਸੀਆਂ ਗਈਆਂ ਹਨ।

ਮਿਲੀ ਜਾਣਕਾਰੀ ਅਨੁਸਾਰ ਸੁਖਬੀਰ ਸਿੰਘ ਬਾਦਲ ਨੇ ਕੱਲ੍ਹ ਏਥੇ ਆੜ੍ਹਤੀਆਂ ਤੇ ਪਤਵੰਤੇ ਸੱਜਣਾਂ ਨਾਲ ਮੀਟਿੰਗ ਦੇ ਬਾਅਦ ਖਾਣਾ ਵੀ ਖਾਣਾ ਸੀ, ਪਰ ਕਿਸਾਨਾਂ ਨੇ ਜਿੱਥੇ ਵੱਖ-ਵੱਖ ਪਿੰਡਾਂ ਵਿੱਚ ਸੁਖਬੀਰ ਸਿੰਘ ਬਾਦਲ ਤੇ ਉਸ ਦੇ ਕਾਫਲੇ ਦਾ ਡਟਵਾਂ ਵਿਰੋਧ ਕੀਤਾ, ਉਥੇ ਬਹੁਤ ਭਾਰੀ ਗਿਣਤੀ ਵਿੱਚ ਨਾਗਰਾ ਪੈਲੇਸ ਅੱਗੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਜਥੇਦਾਰ ਮਨਮੋ-ਹਣ ਸਿੰਘ ਖੇੜਾ, ਅਮਰਜੀਤ ਸਿੰਘ ਬਾਲਿਉਂ ਅਤੇ ਹੋਰਨਾਂ ਦੀ ਅਗਵਾਈ ਹੇਠ ਇਲਾਕੇ ਦੇ ਕਿਸਾਨ ਇਕੱਤਰ ਹੋਣੇ ਸ਼ੁਰੂ ਹੋ ਗਏ। ਉਨ੍ਹਾਂ ਅਕਾਲੀ ਦਲ ਅਤੇ ਸੁਖਬੀਰ ਬਾਦਲ ਦੇ ਵਿਰੋਧ ਵਿੱਚ ਭਾਰੀ ਨਾਹਰੇਬਾਜ਼ੀ ਕੀਤੀ ਤਾਂ ਸੁਖਬੀਰ ਸਿੰਘ ਬਾਦਲ ਓਥੇ ਕਿਸਾਨਾਂ ਦੇ ਇਕੱਠੇ ਹੋਣ ਦੀ ਭਿਣਕ ਲੱਗਦੇ ਸਾਰ ਸ਼ਹਿਰ ਤੋਂ ਬਾਹਰੋਂਬਾਹਰ ਹੀ ਚਲੇ ਗਏ, ਜਿਸ ਦਾ ਸ਼ਹਿਰ ਵਾਸੀਆਂ ਤੇ ਪੁਲਸ ਨੂੰ ਬਾਅਦ ਵਿੱਚ ਪਤਾ ਲੱਗਾ। ਇਸੇ ਦੌਰਾਨ ਅਕਾਲੀ ਵਰਕਰਾਂ ਤੇ ਕੁਝ ਕੁ ਕਿਸਾਨਾਂ ਵਿੱਚ ਤਕਰਾਰ ਵੀ ਹੋ ਗਈ ਅਤੇ ਭੜਕੇ ਕਿਸਾਨਾਂ ਨੇ ਗੱਡੀਆਂ ਦੇ ਸ਼ੀਸ਼ੇ ਤੋੜ ਦਿੱਤੇ। ਮਾਹੌਲ ਤਣਾਅਪੂਰਣ ਹੁੰਦਾ ਦੇਖ ਕੇ ਭਾਰੀ ਗਿਣਤੀ ਵਿੱਚ ਪੁਲਸ ਮੌਕੇ ਉੱਤੇ ਪਹੁੰਚ ਗਈ, ਜਿਨ੍ਹਾਂ ਨੇ ਕਿਸਾਨ ਆਗੂਆਂ ਨੂੰ ਸਮਝਾ ਕੇ ਮਾਮਲਾ ਸੰਭਾਲਿਆ।

# ਪ੍ਰਹਿਲਾਦ 23 ਸਾਲ ਬਾਅਦ ਪਾਕਿਸਤਾਨੀ ਜੇਲ੍ਹ ਤੋਂ ਛੁੱਟ ਹੋ ਕੇ ਭਾਰਤ ਪੁੱਜਾ

ਅੰਮ੍ਰਿਤਸਰ, 31 ਅਗਸਤ (ਪੋਸਟ ਬਿਊਰੋ)- ਪਾਕਿਸਤਾਨ ਦੀ ਬਦਨਾਮ ਜੇਲ੍ਹ ਕੋਟ ਲਖਪਤ ਰਾਏ ਵਿੱਚ 23 ਸਾਲਾਂ ਤਕ ਬੰਦ ਰਹੇ ਮੱਧ ਪ੍ਰਦੇਸ਼ ਦੇ ਸਾਗਰ ਜ਼ਿਲ੍ਹੇ ਦੇ ਪਿੰਡ ਘੋਸੀਪੱਟੀ ਦਾ ਪ੍ਰਹਿਲਾਦ ਸਿੰਘ ਰਿਹਾਅ ਹੋ ਕੇ ਵਤਨ ਮੁੜਿਆ ਹੈ, ਪਰ ਉਸ ਦਾ ਮਾਨਸਿਕ ਸੰਤੁਲਨ ਵਿਗੜਿਆ ਹੋਇਆ ਹੈ। ਜਦ ਉਹ ਫੜਿਆ ਗਿਆ ਸੀ, ਉਸ ਦੀ ਉਮਰ 33 ਸਾਲ ਸੀ। ਕੱਲ੍ਹ ਦੁਪਹਿਰੇ ਪਾਕਿਸਤਾਨੀ ਵਾਘਾ ਬਾਰਡਰ ਉੱਤੇ ਪਾਕਿਸਤਾਨੀ ਫੌਜ ਦੇ ਅਧਿਕਾਰੀਆਂ ਨੇ ਪ੍ਰਹਿਲਾਦ ਸਿੰਘ ਨੂੰ ਬੀ ਐਸ ਐਫ ਦੇ ਸਪੁਰਦ ਕੀਤਾ ਤਾਂ ਦੂਰ ਖੜ੍ਹੇ ਪਰਵਾਰਕ ਮੈਂਬਰਾਂ ਦੀਆਂ ਅੱਖਾਂ ਭਰ ਆਈਆਂ।

23 ਸਾਲ ਦੇ ਬਾਅਦ ਪ੍ਰਹਿਲਾਦ ਸਿੰਘ ਦੀ ਪਹਿਲੀ ਝਲਕ ਦੇਖ ਕੇ ਹੀ ਪਰਵਾਰਕ ਮੈਂਬਰਾਂ ਨੇ ਉਸ ਨੂੰ ਝੱਟ ਪਛਾਣ ਲਿਆ, ਪ੍ਰੰਤੂ ਮਾਨਸਿਕ ਸੰਤੁਲਨ ਵਿਗੜਨ ਕਾਰਨ ਪ੍ਰਹਿਲਾਦ ਸਿੰਘ ਕਿਸੇ ਜੀਅ ਨੂੰ ਨਹੀਂ ਪਛਾਣ ਸਕਿਆ। ਮੀਡੀਆ ਨਾਲ ਗੱਲਬਾਤ ਕਰਦੇ ਹੋਏ ਪ੍ਰਹਿਲਾਦ ਸਿੰਘ ਦੇ



ਪਰਵਾਰ ਨੇ ਦੱਸਿਆ ਕਿ 2014 ਵਿੱਚ ਪਾਕਿਸਤਾਨ ਵੱਲੋਂ ਰਿਹਾਅ ਕੀਤੇ ਕੁਝ ਭਰਤੀ ਨਾਗਰਿਕਾਂ ਨੇ ਵਤਨ ਮੁੜਨ ਉੱਤੇ ਦੱਸਿਆ ਸੀ ਕਿ ਕੋਟ ਲਖਪਤ ਜੇਲ੍ਹ ਵਿੱਚ ਇੱਕ ਭਰਤੀ ਕੈਦੀ ਮਾਨਸਿਕ ਰੂਪ ’ਚ ਬਿਮਾਰ ਹੋ ਚੁੱਕਾ ਹੈ, ਜੋ ਕਦੇ-ਕਦੇ ਆਪਣ ਨਾਂਅ ਪ੍ਰਹਿਲਾਦ ਸਿੰਘ ਦੱਸਦਾ ਹੈ। ਇੱਕ ਸਾਲ ਪਹਿਲਾਂ ਪ੍ਰਹਿਲਾਦ ਸਿੰਘ ਦੇ ਭਰਾ ਵੀਰ ਸਿੰਘ ਨੇ ਸਾਗਰ ਦੇ ਐਸ ਪੀ ਨੂੰ ਇਸ ਦੀ ਜਾਣਕਾਰੀ ਦਿੱਤੀ ਤੇ ਕੇਂਦਰੀ ਗ੍ਰਹਿ ਮੰਤਰਾਲੇ ਅਤੇ ਵਿਦੇਸ਼ ਮੰਤਰਾਲੇ ਨਾਲ ਸੰਪਰਕ ਪਿੱਛੋਂ ਪ੍ਰਹਿਲਾਦ ਸਿੰਘ ਦੀ ਰਿਹਾਈ ਹੋ ਸਕੀ ਹੈ। ਵਰਨਣ ਯੋਗ ਹੈ ਕਿ ਪਾਕਿਸਤਾਨ ਨੇ ਇੱਕ ਹੋਰ ਭਾਰਤੀ ਨਾਗਰਿਕ ਨੂੰ ਰਿਹਾਅ ਕੀਤਾ ਹੈ। ਇਹ ਵੀ ਮਾਨਸਿਕ ਰੂਪ ਤੋਂ ਪੀੜਤ ਹੈ।

# ਇੱਕੋ ਘਰ ਦੇ ਦੂਜੇ ਘੋੜੇ ‘ਨਵਾਬ’ ਦਾ ਮੁੱਲ 45 ਲੱਖ ਰੁਪਏ ਲੱਗਾ

* ਪਹਿਲਾਂ ‘ਸਿਕੰਦਰ’ 74 ਲੱਖ ਵਿੱਚ ਵੀ ਨਹੀਂ ਵੇਚਿਆ

ਜਗਰਾਓਂ, 31 ਅਗਸਤ (ਪੋਸਟ ਬਿਊਰੋ)- ਸ਼ੌਕ ਦਾ ਕੋਈ ਮੁੱਲ ਨਹੀਂ ਹੁੰਦਾ, ਇਹ ਕਹਾਵਤ ਸੁਣੀ ਬਹੁਤ ਸੀ, ਪਰ ਇਹ ਜਗਰਾਓਂ ਵਿਖੇ ਘੋੜਿਆਂ ਦੀ ਮੰਡੀ ਵਿੱਚ ਅੱਖੀ ਦੇਖੀ ਗਈ ਹੈ। ਇਸ ਮੰਡੀ ਵਿੱਚ ਧੂਰਕੋਟ ਤੋਂ ਆਪਣੇ ਘੋੜੇ ਸਿਕੰਦਰ ਤੇ ਨਵਾਬ ਨਾਲ ਪਹੁੰਚੇ ਜਤਿੰਦਰ ਸਿੰਘ ਤੇ ਉਨ੍ਹਾਂ ਦੇ ਪੁੱਤਰ ਜਗਦੀਪ ਸਿੰਘ ਨੇ ਸਿਕੰ-ਦਰ ਉੱਤੇ 74 ਲੱਖ ਅਤੇ ਨਵਾਬ ਉੱਤੇ 45 ਲੱਖ ਮੁੱਲ ਲੱਗਣ ਉੱਤੇ ਵੀ ਵੇਚਣ ਤੋਂ ਇਨਕਾਰ ਕਰ ਦਿੱਤਾ। ਨੇੜੇ ਖੜ੍ਹੇ ਖਰੀਦਦਾਰਾਂ ਨੇ ਜਦੋਂ ਇੰਨਾ ਮੁੱਲ ਲੱਗਣ ਉੱਤੇ ਵੀ ਇਸ ਨੂੰ ਵੇਚਣ ਤੋਂ ਇਨਕਾਰ ਕਰਨ ਬਾਰੇ ਪੁਛਿਆ ਤਾਂ ਸਰਦਾਰ ਪਿਓ-ਪੁੱਤਰ ਨੇ ਮੁੱਛਾਂ ਨੂੰ ਤਾਅ ਦੇ ਕੇ ਕਿਹਾ; ਬਾਈ ਇਹ ਸਾਡੇ ਲਈ ਸਿਰਫ ਘੋੜੇ ਨਹੀਂ, ਸੁਫਨਿਆਂ ਦੇ ਸੌਦਾਗਰ ਹਨ, ਜਿਨ੍ਹਾਂ ਦੀ ਵੱਖਰੀ ਖਾਸੀਅਤ, ਸ਼ਾਨ, ਦਿੱਖ ਅਤੇ ਖੂਬੀਆਂ ਹਨ, ਜਿਨ੍ਹਾਂ ਨੂੰ ਇੱਕ-ਇੱਕ ਕਰ ਕੇ ਗਿਣਾਉਂਦੇ ਹੀ ਛਾਤੀ ਚੌੜੀ ਹੁੰਦੀ ਜਾਂਦੀ ਹੈ।

ਜਗਦੀਪ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਪੂਰਾ ਪਰਵਾਰ ਘੋੜਿਆਂ ਦਾ ਸ਼ੌਕੀਨ ਹੈ। ਇਸ ਲਈ ਉਨ੍ਹਾਂ ਨੇ ਬਾਕ-ਾਇਦਾ ਧੂਰਕੋਟ ਵਿਖੇ ਜੇ ਐਸ ਸਟੱਡ ਫਾਰਮ ਬਣਾਇਆ ਹੋਇਆ ਹੈ, ਜਿੱਥੇ ਉਨ੍ਹਾਂ ਕੋਲ 15 ਦੇ ਕਰੀਬ ਘੋੜੇ-ਘੋੜੀਆਂ ਹਨ। ਉਨ੍ਹਾਂ ਵਿੱਚ ਸਿਕੰਦਰ ਅਤੇ ਨਵਾਬ ਅਸਲੀ



ਨਵਾਬੀ ਸ਼ਾਨ ਵਾਲੇ ਹਨ। ਉਨ੍ਹਾਂ ਨੇ ਸਿਕੰ-ਦਰ ਬਾਰੇ ਦੱਸਿਆ ਕਿ ਡੇਢ ਮਹੀਨਾ ਪਹਿਲਾਂ ਇਸ ਦੀ ਖਾਸੀਅਤ ਦੇ ਸਦਕਾ ਗੁਜਰਾਤ ਤੋਂ 65 ਲੱਖ ਦਾ ਖਰੀਦਿਆ ਸੀ। ਸਿਕੰਦਰ ਘੋੜੇ ਦਾ ਪਿਓ ਆਲੀਸ਼ਾਨ ਰੋਹਤਗੜ੍ਹ ਦੇ ਰਾਜਘਰਾਣੇ ਦਾ ਘੋੜਾ ਸੀ। ਇਸ ਦੇ ਤਿੰਨ ਵਛੇਰਿਆਂ ਵਿੱਚੋਂ ਇੱਕ ਦਿਲਬਾਗ ਰਾਣੀਆਂ ਕੋਲ, ਦੂਸਰਾ ਕਾਲਾ ਕੰਠਾ ਬਹਿਬਲ ਕਲਾਂ ਅਤੇ ਤੀਸਰਾ ਉਨ੍ਹਾਂ ਕੋਲ ਹੈ। ਇਹੀ ਨਹੀਂ ਉਨ੍ਹਾਂ ਦਾ ਸਿਕੰਦਰ ਲਾਈਨ ਬਰੀਡ (ਇੱਕੋ ਖਾਨਦਾਨ) ਦਾ ਹੈ। ਉਸ ਦੀ ਮਾਂ ਲੱਛਮੀ ਮਸ਼ਹੂਰ ਘੋੜੀਆਂ ਵਿੱਚੋਂ ਹੈ। ਇਸੇ ਤਰ੍ਹਾਂ ਨਵਾਬ ਦੀ ਵੱਖਰੀ ਨਵਾਬੀ ਸ਼ਾਨ ਹੈ। ਨਵਾਬ ਦਾ ਪਿਓ ‘ਨਾਗ’ ਅੱਜ ਤਕ ਦੇ ਮੰਨੇ-ਪ੍ਰਮੰਨੇ ਘੋੜਿਆਂ ਵਿੱਚੋਂ ਹੈ, ਜਿਸ ਦੀ ਕੀਮਤ ਢਾਈ ਕਰੋੜ ਰੁਪਏ ਹੈ। ਨਵਾਬ ਛੋਟੀ ਉਮਰ ਤੋਂ ਮੁਕਾਬਲੇ ਵਿੱਚ ਕਦੇ ਹਾਰਿਆ ਨਹੀਂ, ਉਹ ਪ੍ਰਮੁੱਖ ਮੁਕਾਬਲੇ ਪੁਸ਼ਕਰ, ਮੁਕਤਸਰ, ਪਟਿਆਲਾ ਤੇ ਹਨੂੰਮਾਨਗੜ੍ਹ ਜਿੱਤ ਚੁੱਕਾ ਹੈ। ਜ਼ੈਡ ਬਲੈਕ ਰੰਗ ਦੇ ਇਸ ਨਵਾਬ ਘੋੜੇ ਦੀ ਨਵਾਬੀ ਤੋਰ ਉੱਤੇ ਹਰ ਕਿਸੇ ਨੂੰ ਕੀਲਦੀ ਹੈ, ਇਸੇ ਲਈ ਉਹ ਅਤੇ ਉਨ੍ਹਾਂ ਦਾ ਪਰਵਾਰ ਇੰਨ੍ਹਾ ਕੀਮਤੀ ਘੋੜਿਆਂ ਨੂੰ ਵੇਚਣ ਨਹੀਂ, ਰੱਖਣ ਦਾ ਸ਼ੌਕੀਨ ਹੈ।

ਜਗਰਾਓਂ ਮੇਲੇ ਵਿੱਚ ਵੀ ਉਹ ਸਿਕੰਦਰ ਤੇ ਨਵਾਬ ਨੂੰ ਮੇਲਾ ਦਿਖਾਉਣ ਲਿਆਏ ਸਨ, ਵੇਚਣ ਨਹੀਂ। ਖਰੀਦਣ ਦੇ ਚਾਹਵਾਨ ਨੋਟਾਂ ਨਾਲ ਭਰੇ ਬੈਗ ਲੈ ਕੇ ਇਨ੍ਹਾਂ ਦੇ ਦੁਆਲੇ ਘੁੰਮ ਰਹੇ ਸਨ, ਪਰ ਉਹ ਨਵਾਬ ਤੇ ਸਿਕੰਦਰ ਨਾਲ ਮੇਲਾ ਦੇਖ ਕੇ ਮੁੜ ਗਏ। ਉਨ੍ਹਾਂ ਸਿਕੰਦਰ ਤੇ ਨਵਾਬ ਦੀ ਦੇਖਭਾਲ ਅਤੇ ਖੁਰਾਕ ਬਾਰੇ ਦੱਸਿਆ ਕਿ ਦੋਵੇਂ ਦੇਸੀ ਘਿਓ ਦੇ ਜਿੰਨੇ ਸ਼ੌਕੀਨ ਹਨ, ਓਥੇ ਰੁਟੀਨ ਵਿੱਚ ਸਰ੍ਹੋਂ ਦਾ ਤੇਲ, ਬਾਜਰਾ, ਮੱਕੀ ਵੀ ਖਾਂਦੇ ਹਨ। ਇਨ੍ਹਾਂ ਦੀ ਸੰਭਾਲ ਲਈ ਪੂਰੇ ਪਰਵਾਰ ਸਮੇਤ ਤਿੰਨੇ ਮੁਲਾਜ਼ਮ ਰੱਖੇ ਹੋਏ ਹਨ। ਸਟੱਡ ਫਾਰਮ ਵੀ ਅੱਜ ਦੇ ਸਮੇਂ ਮੁਤਾਬਕ ਆਧੁਨਿਕ ਸਹੂਲਤਾਂ ਨਾਲ ਲੈਸ ਹੈ।

# ਕਾਂਗਰਸੀ ਆਗੂ ਧਰਮਵੀਰ ਧੰਮਾ ਵੱਲੋਂ ਖੁਦਕੁਸ਼ੀ ਦੀ ਕੋਸ਼ਿਸ਼ ਮਗਰੋਂ ਹਸਪਤਾਲ ਵਿੱਚ ਮੌਤ



ਲਾਂਬੜਾ, 31 ਅਗਸਤ (ਪੋਸਟ ਬਿਊਰੋ)- ਕਾਂਗਰਸੀ ਆਗੂ ਧਰਮਵੀਰ ਧੰਮਾ ਵੱਲੋਂ ਕੱਲ੍ਹ ਦੁਪਹਿਰੇ ਸੋਸ਼ਲ ਮੀਡੀਆ ਉੱਤੇ ਲਾਈਵ ਹੋ ਕੇ ਜ਼ਹਿਰੀਲੀ ਦਵਾਈ ਪੀ ਕੇ ਖੁਦਕੁਸ਼ੀ ਦੀ ਕੋਸ਼ਿਸ਼ ਕੀਤੀ ਗਈ, ਜਿਸ ਤੋਂ ਬਾਅਦ ਨਜ਼ਦੀਕੀਆਂ ਨੇ ਉਨ੍ਹਾਂ ਨੂੰ ਇਲਾਜ ਲਈ ਨਿੱਜੀ ਹਸਪਤਾਲ ਵਿਖੇ ਦਾਖ਼ਲ ਕਰਵ-ਾਇਆ, ਜਿੱਥੇ ਅੱਜ ਮੰਗਲਵਾਰ ਨੂੰ ਉਸ ਦੀ ਮੌਤ ਹੋ ਗਈ।

ਮਿਲੀ ਜਾਣਕਾਰੀ ਮੁਤਾਬਕ ਕਾਂਗਰਸੀ ਆਗੂ ਧਰਮਵੀਰ ਧੰਮਾ ਵੱਲੋਂ ਆਪਣੇ ਸੋਸ਼ਲ ਮੀਡੀਆ ਉੱਤੇ ਲਾਈਵ ਹੋ ਕੇ ਹਲਕਾ ਵਿਧਾਇਕ ਚੌਧਰੀ ਸੁਰਿੰਦਰ ਸਿੰਘ, ਸੀ ਆਈ ਏ ਸਟਾਫ਼ ਦੇ ਇੰਚਾਰਜ ਪੁਸ਼ਪ ਬਾਲੀ ਅਤੇ ਇਸ ਹਲਕੇ ਦੇ ਤਿੰਨ ਹੋਰ ਕਾਂਗਰਸੀ ਆਗੂਆਂ ਵੱਲੋਂ ਤੰਗ ਕਰਨ ਦੇ ਦੋਸ਼ ਲਗਾਉਂਦੇ ਹੋਏ ਜ਼ਹਿਰੀਲੀ ਦਵਾਈ ਪੀ ਲਈ। ਮਾਮਲੇ ਦੀ ਨਜ਼ਾਕਤ ਨੂੰ ਸਮਝ ਕੇ ਪੁਲਸ ਨੇ ਹਸਪਤਾਲ ਵਿੱਚ ਵੱਡੀ ਗਿਣਤੀ ਵਿੱਚ ਪੁਲਸ ਫੋਰਸ ਤਾਇਨਾਤ ਕਰ ਦਿੱਤੀ। ਕੱਲ੍ਹ ਸ਼ਾਮ ਤਕ ਵੱਖ-ਵੱਖ ਪਾਰਟੀਆਂ ਦੇ ਨੁਮਾਇੰਦਿਆਂ, ਧਾਰਮਿਕ ਤੇ ਸਮਾਜਿਕ ਆਗੂਆਂ ਨੇ ਹਸਪਤਾਲ ਜਾ ਕੇ ਡਾਕਟਰਾਂ ਤੋਂ ਧਰਮਵੀਰ ਧੰਮਾ ਦਾ ਹਾਲ-ਚਾਲ ਜਾਣਿਆ। ਸੀ ਆਈ ਏ ਸਟਾਫ਼ ਦੇ ਇੰਚਾਰਜ ਇੰਸਪੈਕਟਰ ਪੁਸ਼ਪ ਬਾਲੀ ਨੇ ਦੋਸ਼ਾਂ ਨੂੰ ਬੇਬੁਨਿਆਦ ਦੱਸ ਕੇ ਕਿਹਾ ਕਿ ਬੀਤੇ ਦਿਨੀਂ ਸੀ ਆਈ ਏ ਸਟਾਫ਼ ਨੇ ਨਾਜਾਇਜ਼ ਹਥਿਆਰ ਨਾਲ ਚਿੱਟੀ ਪਿੰਡ ਦੇ ਹਰਜੀਤ ਸਿੰਘ ਭੰਡਾਲ ਨੂੰ ਫੜਿਆ ਸੀ, ਜਿਸ ਦੀ ਭੈਣ ਹਰਵਿੰਦਰ ਕੌਰ ਪੁੱਤਰੀ ਹਰਬੰਸ ਸਿੰਘਨੇ ਉਨ੍ਹਾਂ ਖ਼ਿਲਾਫ਼ ਦਰਖ਼ਾਸਤ ਦੇ ਕੇ ਭਰਾ ਨੂੰ ਛੁਡਾਉਣ ਬਦਲੇ ਪੈਸਿਆਂ ਦੀ ਮੰਗ ਕਰਨ ਦਾ ਦੋਸ਼ ਲਾਇਆ ਸੀ ਅਤੇ ਏ ਐਸ ਆਈ ਸੋਹਣ ਸਿੰਘ ਇਸ ਦੀ ਜਾਂਚ ਕਰ ਰਹੇ ਹਨ। ਅੱਜ ਮੰਗਲਵਾਰ ਨੂੰ ਧਰਮਵੀਰ ਧੰਮਾ ਦੀ ਮੌਤ ਨਾਲ ਮਾਮਲਾ ਹੋਰ ਵੀ ਗੰਭੀਰ ਹੋ ਗਿਆ।

# ਜੁੱਤੀਆਂ ਦੇ ਵਪਾਰੀ ਉੱਤੇ ਦਾਜ ਦਾ ਕੇਸ ਦਰਜ, ਮਾਤਾ-ਪਿਤਾ ਨਾਮਜ਼ਦ

ਜਲੰਧਰ, 31 ਅਗਸਤ (ਪੋਸਟ ਬਿਊਰੋ)- ਮਾਡਲ ਟਾਊਨ ਦੇ ਜੁੱਤੀਆਂ ਦੇ ਵਪਾਰੀ ਕੁਨਾਲ ਚਾਵਲਾ ਅਤੇ ਉਸ ਦੇ ਮਾਤਾ-ਪਿਤਾ ਦੇ ਖ਼ਿਲਾਫ਼ ਦਾਜ ਦਾ ਕੇਸ ਦਰਜ ਹੋਇਆ ਹੈ। ਕੁਨਾਲ ਚਾਰ ਮਹੀਨੇ ਤੋਂ ਆਪਣੇ ਘਰੋਂ ਗਾਇਬ ਹੈ। ਇਸ ਤੋਂ ਪਹਿਲਾਂ ਵੀ ਉਸ ਦੇ ਖ਼ਿਲਾਫ਼ ਇੱਕ ਕਰਨਲ ਦੀ ਪਤਨੀ ਦੀ ਅਸ਼ਲੀਲ ਵੀਡੀਓ ਵਾਇਰਲ ਕਰਨ ਦੀ ਧਮਕੀ ਦਾ ਕੇਸ ਥਾਣਾ ਨਵੀਂ ਬਾਰਾਦਾਰੀ ਵਿੱਚ ਦਰਜ ਹੋਇਆ ਸੀ, ਜਿਸ ਦੀ ਜਾਂਚ ਚੱਲ ਰਹੀ ਹੈ।

ਕਮਿਸ਼ਨਰੇਟ ਪੁਲਸ ਜਲੰਧਰ ਨੂੰ ਦਿੱਤੀ ਸ਼ਿਕਾਇਤ ਵਿੱਚ ਕੁਨਾਲ ਚਾਵਲਾ ਵਾਸੀ ਗ੍ਰੀਨ ਮਾਡਲ ਟਾਊਨ ਦੀ ਪਤਨੀ ਨੇਹਾ ਚਾਵਲਾ ਨੇ ਦੱਸਿਆ ਕਿ ਉਸ ਦਾ ਕੁਨਾਲ ਨਾਲ 2006 ਵਿੱਚ ਵਿਆਹ ਹੋਇਆ ਸੀ।ਉਨ੍ਹਾਂ ਦਾ ਇੱਕ ਬੇਟਾ ਹੈ। ਦੋਸ਼ ਹੈ ਕਿ ਵਿਆਹ ਵਿੱਚ ਲੈਣ-ਦੇਣ ਦੇ ਬਾਵਜੂਦ ਉਸਦਾ ਪਤੀ ਕੁਨਾਲ, ਸੱਸ ਨੀਲਮ ਤੇ ਸਹੁਰਾ ਖਰੈਤੀ ਲਾਲ ਉਸ ਤੋਂ ਦਾਜ ਦੀ ਮੰਗ ਕਰਦੇ ਰਹਿੰਦੇ ਹਨ। ਨੇਹਾ ਨੇ ਦੱਸਿਆ ਕਿ ਸਮੇਂ-ਸਮੇਂਉਸ ਦੇ ਪੇਕੇ ਵਾਲਿਆਂ ਨੇ ਸਹੁਰੇ ਵਾਲਿਆਂ ਨੂੰ ਗੋਲਡ ਅਤੇ ਕੈਸ਼ ਦਿੱਤਾ, ਪਰ ਉਸ ਦੀ ਮੰਗ ਵੱਧਦੀ ਗਈ।ਜਦੋਂ ਉਹ ਵਿਰੋਧ ਕਰਦੀ ਤਾਂ ਉਸ ਨਾਲ ਕੁੱਟਮਾਰ ਕੀਤੀ ਜਾਂਦੀ ਸੀ। ਉਨ੍ਹਾਂ ਲੋਕਾਂ ਨੇ ਨੇਹਾ ਨੂੰ ਮਾਨਸਿਕ ਅਤੇ ਸ਼ਰੀਰਿਕ ਤੌਰ ਉੱਤੇ ਪੀੜਤ ਕੀਤਾ ਅਤੇ ਉਸਦੀ ਨਨਾਣ ਅਤੇ ਨੰਦੋਈਆਂ ਵੀ ਉਸ ਨੂੰ ਪਰੇਸ਼ਾਨ ਕਰਦੇ ਸਨ, ਜਦਕਿ ਉਸ ਨੇ ਆਪਣੇ ਨੰਦੋਈਆਂ ਉੱਤੇ ਵੀ ਛੇੜਛਾੜ ਕਰਨ ਦੇ ਗੰਭੀਰ ਦੋਸ਼ ਲਾਏ ਹਨ।ਪੁਲਸ ਨੇ ਜਾਂਚ ਦੇ ਬਾਅਦ ਨੇਹਾ ਦੇ ਪਤੀ ਕੁਨਾਲ ਚਾਵਲਾ, ਸਹੁਰੇ ਖਰੈਤੀ ਲਾਲ ਅਤੇ ਸੱਸ ਨੀਲਮ ਚਾਵਲਾ ਖ਼ਿਲਾਫ਼ ਧਾਰਾ 498ਏ ਅਧੀਨ ਕੇਸ ਦਰਜ ਕਰ ਲਿਆ ਹੈ, ਪਰ ਕੋਈ ਸਬੂਤ ਨਾ ਮਿਲਣ ਉੱਤੇ ਨਨਾਣ ਅਤੇ ਨੰਦੋਈਏ ਖ਼ਿਲਾਫ਼ ਕੇਸ ਦਰਜ ਨਹੀਂ ਕੀਤਾ। ਨੇਹਾ ਦਾ ਕਹਿਣਾ ਹੈ ਕਿ ਉਹ ਕਮਿਸ਼ਨਰ ਪੁਲਸ ਨੂੰ ਮਿਲ ਕੇ ਦੋਬਾਰਾ ਇਸ ਮਾਮਲੇ ਦੀ ਜਾਂਚ ਕਰਵਾਏਗੀ ਤਾਂਕਿ ਉਸਦੀ ਨਨਾਣ ਅਤੇ ਨੰਦੋਈਏ ਨੂੰ ਵੀ ਨਾਮਜ਼ਦ ਕੀਤਾ ਜਾਵੇ।

# ਮੋਟਰਸਾਈਕਲ ਦੀ ਟੱਕਰ ਨਾਲ ਸੈਰ ਕਰਦੇ ਨੇਤਰਹੀਣ ਦੀ ਮੌਤ



ਬਲਾਚੌਰ, 31 ਅਗਸਤ (ਪੋਸਟ ਬਿਊਰੋ)- ਸੈਰ ਕਰਦੇ ਇੱਕ ਵਿਅਕਤੀ ਵਿੱਚ ਮੋਟਰਸਾਈਕਲ ਮਾਰਨ ਵਾਲੇ ਵਿਅਕਤੀ ਵਿਰੁੱਧ ਪੁਲਸ ਥਾਣਾ ਕਾਠਗੜ੍ਹ ਵਿਖੇ ਕੇਸ ਦਰਜ ਕੀਤੇ ਜਾਣ ਦਾ ਸਮਾਚਾਰ ਹੈ। ਮ੍ਰਿਤਕ ਦੇ ਪਿਤਾ ਸੁੱਚਾ ਸਿੰਘ ਪੁੱਤਰ ਕਰਤਾਰ ਸਿੰਘ ਪਿੰਡ ਰੈਲ ਮਾਜਰਾ ਥਾਣਾ ਕਾਠਗੜ੍ਹ ਨੇ ਦੱਸਿਆ ਕਿ ਕੱਲ੍ਹ ਉਹ ਆਪਣੇ ਲੜਕੇ ਤਰਨਜੀਤ ਸਿੰਘ, ਜਿਹੜਾ ਦੋਵਾਂ ਅੱਖਾਂ ਤੋਂ ਅੰਨ੍ਹਾ ਹੈ, ਨੂੰ ਰੋਜ਼ ਵਾਂਗ ਰਿਆਤ ਬਾਹਰਾ ਕਾਲਜ ਤੋਂ ਪਿੰਡ ਰੈਲ ਮਾਜਰਾ ਵੱਲ ਨੂੰ ਜਾਂਦੀ ਸੜਕ ਉੱਤੇ ਸੈਰ ਕਰਵਾਉਣ ਲਿਜਾ ਰਿਹਾ ਸੀ। ਇਸ ਦੌਰਾਨ ਸ਼ਾਮ ਕਰੀਬ ਸਵਾ ਕੁ ਸੱਤ ਵਜੇ ਉਨ੍ਹਾਂ ਦੇ ਪਿੰਡ ਰੈਲ ਮਾਜਰਾ ਦੇ ਰਹਿਣ ਵਾਲੇ ਸੋਹਨ ਲਾਲ ਉਰਫ਼ ਸੋਨੀ ਪੁੱਤਰ ਸਤਪਾਲ ਸਿੰਘ ਨੇ ਬੁਲਟ ਮੋਟਰਸਾਈਕਲ ਪਿੱਛੋਂ ਆ ਕੇ ਤਰਨਜੀਤ ਸਿੰਘ ਦੀਆਂ ਲੱਤਾਂ ਵਿੱਚ ਮਾਰਿਆ ਅਤੇ ਉਸ ਨੂੰ ਘੜੀਸਦੇ ਹੋਏ ਫੁੱਟਪਾਥ ਵਿੱਚ ਜਾ ਮਾਰਿਆ। ਇਸ ਨਾਲ ਉਸ ਦੇ ਸਿਰ ਵਿੱਚ ਗੰਭੀਰ ਸੱਟਾਂ ਲੱਗੀਆਂ ਅਤੇ ਦੋਵੇਂ ਲੱਤਾਂ ਟੁੱਟ ਗਈਆਂ। ਜ਼ਖਮੀ ਹਾਲਤ ਵਿੱਚ ਤਰਨਜੀਤ ਸਿੰਘ ਨੂੰ ਪੀ ਜੀ ਆਈ ਚੰਡੀਗੜ੍ਹ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਕਰ ਦਿੱਤਾ। ਸੁੱਚਾ ਸਿੰਘ ਦੇ ਬਿਆਨ ਉੱਤੇ ਪੁਲਸ ਚੌਕੀ ਆਂਸਰੋਂ, ਥਾਣਾ ਕਾਠਗੜ੍ਹ ’ਚਦੋਸ਼ੀ ਸੋਹਨ ਲਾਲ ਉਰਫ਼ ਸੋਨੀ ਵਿਰੁੱਧ ਕੇਸ ਦਰਜ ਕਰ ਕੇ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਹੈ।

# ਪੰਜਾਬ ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਵੀ ਕਿਸਾਨਾਂ ਦੇ ਹੱਕ ਵਿੱਚ ਕੇਂਦਰੀ ਮੰਤਰੀ ਨੂੰ ਚਿੱਠੀ ਲਿਖੀ



ਲੁਧਿਆਣਾ, 31 ਅਗਸਤ (ਪੋਸਟ ਬਿਊਰੋ)- ਭਾਰਤੀ ਜਨਤਾ ਪਾਰਟੀ ਪੰਜਾਬ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਕੱਲ੍ਹ ਕੇਂਦਰ ਸਰਕਾਰ ਦੇ ਖਪਤਕਾਰ ਮਾਮਲਿਆਂ, ਖ਼ੁਰਾਕ ਅਤੇ ਜਨਤਕ ਸਪਲਾਈ ਮੰਤਰੀ ਪੀਯੂਸ਼ ਗੋਇਲ ਨੂੰ ਪੱਤਰ ਲਿਖ ਕੇ ਭਾਰਤੀ ਖੁਰਾਕ ਕਾਰਪੋਰੇਸ਼ਨ (ਐਫ਼ ਸੀ ਆਈ) ਵੱਲੋਂ ਪੰਜਾਬ ਵਿੱਚ ਝੋਨੇ ਅਤੇ ਕਣਕ ਦੀ ਖ਼ਰੀਦ ਲਈ ਨਵੇਂ ਮਿੱਥੇ ਨਿਯਮ ਰੱਦ ਕਰਨ ਦੀ ਮੰਗ ਕੀਤੀ ਹੈ। ਅਸ਼ਵਨੀ ਸ਼ਰਮਾ ਨੇ ਕੇਂਦਰੀ ਮੰਤਰੀ ਪੀਯੂਸ਼ ਗੋਇਲ ਤੋਂ ਮੰਗ ਕੀਤੀ ਕਿ ਪੰਜਾਬ ਦੇ ਮੌਸਮ ਨੂੰ ਧਿਆਨ ਵਿੱਚ ਰੱਖਦੇ ਹੋਏ ਕਿਸਾਨਾਂ ਦੀ ਫ਼ਸਲ ਹਾਲ ਦੀ ਘੜੀ ਪੁਰਾਣੀ ਗੁਣਵੱਤਾ ਦੇ ਆਧਾਰ ਉੱਤੇ ਹੀ ਖ਼ਰੀਦੀ ਜਾਵੇ, ਤਾਂ ਜੋ ਉਨ੍ਹਾਂ ਦੀ ਫ਼ਸਲ ਦੀ ਖ਼ਰੀਦ ਉੱਤੇ ਕਿਸੇ ਤਰ੍ਹਾਂ ਦਾ ਅਸਰ ਨਾ ਪਵੇ।

ਅਸ਼ਵਨੀ ਸ਼ਰਮਾ ਨੇ ਕੇਂਦਰੀ ਮੰਤਰੀ ਨੂੰ ਲਿਖਿਆ ਹੈ ਕਿ ਐਫ਼ ਸੀ ਆਈ ਵੱਲੋਂ ਕਣਕ ਅਤੇ ਝੋਨੇ ਦੀ ਖ਼ਰੀਦ ਬਾਰੇ ਭਾਰਤ ਸਰਕਾਰ ਦੇ ਜਨਤਕ ਵੰਡ ਮੰਤਰਾਲੇ ਵੱਲੋਂ ਬਣਾਈ ਮਾਹਿਰਾਂ ਦੀ ਕਮੇਟੀ ਦੀ ਸਿਫ਼ਾਰਸ਼ ਉਤੇ ਕੇਂਦਰੀ ਕੰਟਰੋਲ ਪੂਲ ਲਈ ਕਣਕ, ਝੋਨੇ ਅਤੇ ਚਾਵਲ ਦੀ ਨਵੀਂ ਗੁਣਵੱਤਾ ਦੋ ਫ਼ੀਸਦੀ ਖ਼ਰਾਬਾ, ਦੋ ਫ਼ੀਸਦੀ ਰੰਗਹੀਣ, 20 ਫ਼ੀਸਦੀ ਟੁੱਟੀ ਅਤੇ 14 ਫ਼ੀਸਦੀ ਨਮੀ ਐਲਾਨੀ ਗਈ ਹੈ, ਜੋ ਬਿਲਕੁਲ ਗ਼ਲਤ ਹੈ। ਉਨ੍ਹਾਂ ਲਿਖਿਆ ਕਿ ਪਹਿਲਾਂ ਇਹ ਗੁਣਵੱਤਾ ਤਿੰਨ ਫ਼ੀਸਦੀ ਖ਼ਰਾਬਾ, ਤਿੰਨ ਫ਼ੀਸਦੀ ਰੰਗਹੀਣ, 25 ਫ਼ੀਸਦੀ ਟੁੱਟੀ ਅਤੇ 15 ਫ਼ੀਸਦੀ ਨਮੀ ਚੱਲਦੀ ਸੀ। ਸ਼ਰਮਾ ਨੇ ਕੇਂਦਰੀ ਮੰਤਰੀ ਤੋਂ ਮੰਗ ਕੀਤੀ ਕਿ ਪੰਜਾਬ ਦਾ ਮੌਸਮ ਧਿਆਨ ਵਿੱਚ ਰੱਖ ਕੇ ਕਿਸਾਨਾਂ ਤੋਂ ਉਨ੍ਹਾਂ ਦੀ ਫ਼ਸਲ ਪੁਰਾਣੀ ਗੁਣਵੱਤਾ ਦੇ ਮੁਤਾਬਕ ਹੀ ਖ਼ਰੀਦੀ ਜਾਵੇ, ਤਾਂ ਜੋ ਫ਼ਸਲ ਦੀ ਖ਼ਰੀਦਨੂੰ ਅਸਰ ਨਾ ਪਵੇ।ਉਨ੍ਹਾਂ ਕਿਹਾ ਕਿ ਸਤੰਬਰ ਤੋਂ ਨਵੰਬਰ ਤਕ ਤਾਪਮਾਨ ਹੌਲੀ-ਹੌਲੀ ਘਟਦਾ ਹੈ, ਜਿਸ ਦਾ ਸਿੱਧਾ ਅਸਰ ਕਿਸਾਨਾਂ ਦੀਆਂ ਫ਼ਸਲਾਂ ਉੱਤੇ ਪੈਂਦਾ ਹੈ। ਅਸ਼ਵਨੀ ਸ਼ਰਮਾ ਨੇ ਕੇਂਦਰੀ ਮੰਤਰੀ ਤੋਂ ਇਸ ਕੇਸ ਵਿੱਚ ਨਿਜੀ ਦਖ਼ਲ ਦੇਣ ਦੀ ਮੰਗ ਕੀਤੀ ਤੇ ਪੰਜਾਬ ਦੇ ਕਿਸਾਨਾਂ ਨੂੰ ਫ਼ਸਲਾਂ ਖ਼ਰੀਦਣ ਲਈ ਪੁਰਾਣੇਸਿਸਟਮ ਨੂੰ ਨਿਯਮਤ ਰੱਖਣ ਦੀ ਅਪੀਲ ਕੀਤੀ ਹੈ। ਪੰਜਾਬ ਭਾਜਪਾ ਦਾ ਪ੍ਰਧਾਨ ਪਹਿਲੀ ਵਾਰ ਕਿਸਾਨਾਂ ਦੇ ਪੱਖ ਵਿੱਚ ਬੋਲਿਆ ਹੈ।

# ਦੁਬਈ ਗਏ ਹੋਏ ਪੰਜਾਬੀ ਨੌਜਵਾਨ ਦੀ ਮੌਤ

ਮੋਗਾ, 31 ਅਗਸਤ (ਪੋਸਟ ਬਿਊਰੋ)- ਤਹਿਸੀਲ ਮੋਗਾ ਦੇ ਪਿੰਡ ਮੇਲਕ ਕੰਗਾਂ ਦਾ ਸੁਖਜਿੰਦਰ ਸਿੰਘ ਸੁੱਖਾ,ਜਿਹੜਾ ਤਿੰਨ ਭੈਣਾਂ ਦਾ ਇਕਲੌਤਾ ਭਰਾ ਸੀ ਅਤੇ ਦੁਬਈ ਵਿਖੇ ਡਰਾਈਵਰ ਸੀ, ਦੀ ਮੌਤ ਹੋ ਗਈ ਹੈ।

ਮ੍ਰਿਤਕ ਨੌਜਵਾਨ ਦੇ ਪਿਤਾ ਬਖਤੌਰ ਸਿੰਘ ਨੇ ਦਸਿਆ ਕਿ ਦੁਬਈ ਤੋਂ ਪਰਵਾਰ ਨੂੰ ਮਿਲੀ ਸੂਚਨਾ ਮੁਤਾਬਕ ਉਨ੍ਹਾਂ ਦੇ ਪੁੱਤਰ ਦੀ ਮੌਤ ਦਿਲ ਦਾ ਦੌਰਾ ਪੈਣ ਨਾਲ ਹੋਈ ਹੈ। ਮਿਲੀ ਜਾਣਕਾਰੀ ਮੁਤਾਬਕ ਮ੍ਰਿਤਕ ਸੁਖਜਿੰਦਰ ਸਿੰਘ ਦਾ ਕੁਝ ਸਮਾਂ ਪਹਿਲਾਂ ਹੀ ਕਿਰਨਜੀਤ ਕੌਰ ਨਾਲ ਵਿਆਹ ਹੋਇਆ ਸੀ। ਉਸ ਦੀ



ਢਾਈ ਕੁ ਸਾਲਾ ਦੀ ਬੇਟੀ ਹੈ। ਮ੍ਰਿਤਕ ਦੀ ਮਾਤਾ ਸਵਰਨਜੀਤ ਕੌਰ ਤੇ ਪਰਵਾਰ ਨੇ ਭਾਰਤ ਸਰਕਾਰ ਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਮ੍ਰਿਤਕ ਸੁਖਜਿੰਦਰ ਸਿੰਘ ਦੀ ਮ੍ਰਿਤਕ ਦੇਹ ਲਿਆਉਣ ਲਈ ਪਰਵਾਰ ਦੀ ਮਦਦ ਕੀਤੀ ਜਾਵੇ।

NEED A LAWYER ??
KAUR LAW OFFICE
Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization



BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

SherGill Law Firm
Barrister, Solicitor & Notary Public

Services:
*Real Estate
*Residential, Commercial & Franchise
*Criminal Law
*Family Law
*Affidavit, Power Of Attorney & Notarization
*Immigration Matters

Paramjit Singh Gill
(MBA,LL.B.)
Tel: 905-790-3636



2565 Steeles Ave E Unit #20, Brampton, ON L6T 4L6

Emergency Contact:
416.910.5676
www.shergilllawfirm.ca

# ਮਾਮਲਾ ਕਿਸਾਨਾਂ ’ਤੇ ਲਾਠੀਚਾਰਜ ਦਾ: ਜੱਦੀ ਪਿੰਡ ਵਾਸੀਆਂ ਵੱਲੋਂ ਪੁਲਸ ਇੰਸਪੈਕਟਰ ਦਾ ਬਾਈਕਾਟ



ਚੰਡੀਗੜ੍ਹ, 31 ਅਗਸਤ (ਪੋਸਟ ਬਿਊਰੋ)- ਕਰਨਾਲ ਵਿੱਚ ਕਿਸਾਨਾਂ ਉੱਤੇ ਲਾਠੀਚਾਰਜ ਕਰਨ ਵਾਲੇ ਪੁਲਸ ਇੰਸਪੈਕਟਰ ਹਰਜਿੰਦਰ ਸਿੰਘ ਖਹਿਰਾ ਦਾ ਉਸੇ ਦੇ ਪਿੰਡ ਦੇ ਲੋਕਾਂ ਨੇ ਸਮਾਜਕ ਬਾਈਕਾਟ ਕਰਨ ਦਾ ਐਲਾਨ ਕੀਤਾ ਹੈ। ਕਿਸੇ ਵੀ ਪਿੰਡ ਵਾਲੇ ਨੂੰ ਉਸ ਦੇ ਪਰਵਾਰ ਨਾਲ ਸੰਪਰਕ ਨਾ ਰੱਖਣ ਦੀ ਅਪੀਲ ਕੀਤੀ ਗਈ ਹੈ।

ਇਹ ਫੈਸਲਾ ਇਸਮਾਈਲਾਬਾਦ ਦੇ ਪਿੰਡ ਲੁੱਖੀ ਦੇ ਲੋਕਾਂ ਨੇ ਲਿਆ ਹੈ। ਉਨ੍ਹਾਂ ਕਿਹਾ ਕਿ ਇਸ ਪੁਲਸ ਅਫਸਰ ਦਾ ਵੀ ਹਰ ਥਾਂ ਵਿਰੋਧ ਕੀਤਾ ਜਾਵੇਗਾ। ਭਾਰਤੀ ਕਿਸਾਨ ਯੂਨੀਅਨ ਦੇ ਆਗੂ ਰਾਕੇਸ਼ ਬੈਂਸ ਨੇ ਦੱਸਿਆ ਕਿ ਇਹ ਫੈਸਲਾ ਪਿੰਡ ਵਾਸੀਆਂ ਨੇ ਕਿਸਾਨਾਂ ਦੀ ਹਮਾਇਤ ਵਿੱਚ ਲਿਆ ਹੈ। ਓਧਰ ਕਰਨਾਲ ਦੇ ਪੁਲਸ ਅਫਸਰਾਂ ਨੇ ਕਿਹਾ ਕਿ ਸੋਸ਼ਲ ਮੀਡੀਆ ਉੱਤੇ ਕੁਝ ਕਿਸਾਨ ਆਗੂਆਂ ਵੱਲੋਂ ਸਮਾਜਕ ਬਾਈਕਾਟ ਦੀਆਂ ਧਮਕੀਆਂ ਦੇ ਕੇ ਪੁਲਸ ਵਾਲਿਆਂ ਦੇ ਪਰਵਾਰਾਂ ਨੂੰ ਪ੍ਰੇਸ਼ਾਨ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਏਦਾਂ ਦੀਆਂ ਧਮਕੀਆਂ ਨਾਲ ਪੁਲਸ ਕਾਰਵਾਈ ਵਿੱਚ ਰੁਕਾਵਟ ਪੈਦਾ ਕਰਨ ਵਾਲੇ ਵਿਅਕਤੀਆਂ ਖਿਲਾਫ ਕੇਸ ਦਰਜ ਕਰ ਕੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਵਰਨਣ ਯੋਗ ਹੈ ਕਿ ਕਰਨਾਲ ਵਿੱਚ ਕਿਸਾਨ ਜਥੇਬੰਦੀਆਂ ਉੱਤੇ ਲਾਠੀਚਾਰਜ ਦੀ ਵੀਡੀਓ ਸੋਸ਼ਲ ਮੀਡੀਆ ਉੱਤੇ ਵਾਇਰਲ ਹੋਈ ਸੀ। ਉਸ ਪਿੱਛੋਂ ਕਿਸਾਨ ਆਗੂਆਂ ਨੇ ਇਸਮਾਈਲਾਬਾਦ ਦੇ ਪਿੰਡ ਲੁੱਖੀ ਵਿੱਚ ਇੰਸਪੈਕਟਰ ਹਰਜਿੰਦਰ ਸਿੰਘ ਖਹਿਰਾ ਦਾ ਪੁਤਲਾ ਸਾੜਿਆ ਤੇ ਨਾਲ ਉਸ ਦੇ ਸਮਾਜਕ ਬਾਈਕਾਟ ਦਾ ਐਲਾਨ ਕੀਤਾ ਸੀ। ਕਿਸਾਨ ਆਗੂ ਰੁਲਦੂ ਸਿੰਘ ਮਾਨਸਾ ਨੇ ਕਿਹਾ ਕਿ ਕਿਸਾਨਾਂ ਦੇ ਸਿਰ ਪਾੜਨ ਦਾ ਹੁਕਮ ਦੇਣ ਵਾਲੇ ਐਸ ਡੀ ਐਮ ਅਤੇ ਪੁਲਸ ਇੰਸਪੈਕਟਰ ਦੇ ਖਿਲਾਫ ਧਾਰਾ 302 ਦਾ ਕੇਸ ਦਰਜ ਕਰਵਾਉਣ ਲਈ ਸੰਯੁਕਤ ਕਿਸਾਨ ਮੋਰਚੇ ਸਣੇ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਵੱਲੋਂ ਹਰਿਆਣੇ ਦੇ ਕਿਸਾਨਾਂ ਨਾਲ ਮੂਹਰੇ ਹੋ ਕੇ ਲੜਾਈ ਲੜੀ ਜਾਵੇਗੀ। ਉਨ੍ਹਾਂ ਨੇ ਕਿਹਾ ਕਿ ਲਾਠੀਚਾਰਜ ਵਿੱਚ ਮਾਰੇ ਗਏ ਕਿਸਾਨ ਦੇ ਪਰਵਾਰ ਨੂੰ 25 ਲੱਖ ਰੁਪਏ ਮੁਆਵਜ਼ਾ, ਪਰਵਾਰ ਦੇ ਇੱਕ ਜੀਅ ਨੂੰ ਸਰਕਾਰੀ ਨੌਕਰੀ ਦੇਣ ਤੋਂ ਇਲਾਵਾ ਲਾਠੀਚਾਰਜ ਦੌਰਾਨ ਜ਼ਖਮੀ ਹੋਏ ਕਿਸਾਨਾਂ ਨੂੰ 2-2 ਲੱਖ ਰੁਪਏ ਦੇਣ ਦੀ ਜੋ ਮੰਗ ਮਹਾ ਪੰਚਾਇਤ ਨੇ ਕੀਤੀ ਹੈ, ਉਸ ਨੂੰ ਸੰਯੁਕਤ ਕਿਸਾਨ ਮੋਰਚੇ ਦਾ ਪੂਰਾ ਸਮਰਥਨ ਹੈ। ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਪ੍ਰਧਾਨ ਪ੍ਰੋਫੈਸਰ ਏ ਕੇ ਮਲੇਰੀ, ਜਨਰਲ ਸਕੱਤਰ ਪ੍ਰੋਫੈਸਰ ਜਗਮੋਹਣ ਸਿੰਘ ਅਤੇ ਪ੍ਰੈਸ ਸਕੱਤਰ ਬੂਟਾ ਸਿੰਘ ਨੇ ਵੀ ਮੰਗ ਕੀਤੀ ਹੈ ਕਿ ਐਸ ਡੀ ਐਮ ਨੂੰ ਤੁਰੰਤ ਨੌਕਰੀ ਤੋਂ ਬਰਖਾਸਤ ਕਰ ਕੇ ਉਸ ਦੇ ਖਿਲਾਫ ਕੇਸ ਦਰਜ ਕਰ ਕੇ ਉਸ ਨੂੰ ਗ੍ਰਿਫਤਾਰ ਕੀਤਾ ਜਾਵੇ।

# ਉਡਾਣ ਦੇ ਦੌਰਾਨ ਦਿੱਲ ਦਾ ਦੌਰਾ ਪੈਣ ਨਾਲ ਪਾਇਲਟ ਦੀ ਮੌਤ



ਨਾਗਪੁਰ, 31 ਅਗਸਤ (ਪੋਸਟ ਬਿਊਰੋ)- ਬੰਗਲਾ ਦੇਸ਼ ਏਅਰਲਾਈਨ ਦੀ ਮਸਕਟ ਤੋਂ ਢਾਕਾ ਦੀ ਉਡਾਣ ਦੌਰਾਨ 27 ਅਗਸਤ ਨੂੰ ਜਿਸ ਪਾਇਲਟ ਨੂੰ ਦਿੱਲ ਦਾ ਦੌਰਾ ਪੈ ਗਿਆ ਸੀ, ਉਸ ਦੀ ਕੱਲ੍ਹ ਨਾਗਪੁਰ ਦੇ ਹਸਪਤਾਲ ਵਿੱਚ ਮੌਤ ਹੋ ਗਈ। ਇੱਕ ਅਧਿਕਾਰੀ ਨੇ ਇਸ ਦੀ ਜਾਣਕਾਰੀ ਦਿੱਤੀ ਹੈ।

ਪਾਇਲਟ ਨੌਸ਼ਾਦ ਅਤਾਉਲ ਕਯੂਮ (49) ਨੂੰ ਦਿੱਲ ਦਾ ਦੌਰਾ ਪੈਣ ਪਿੱਛੋਂ ਜਹਾਜ਼ ਨੂੰ ਐਮਰਜੈਂਸੀ ਵਿੱਚ ਨਾਗਪੁਰ ਹਵਾਈ ਅੱਡੇ ਉੱਤੇ ਉਤਾਰਨਾ ਪਿਆ ਸੀ। ਹਸਪਤਾਲ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਪਾਇਲਟ ਨੂੰ ਨਾਗਪੁਰ ਹਵਾਈ ਅੱਡੇ ਤੋਂ ਕਰੀਬ 10 ਕਿਲੋਮੀਟਰ ਦੂਰ ਕਿੰਗਸਵੇ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਸੀ, ਜਿੱਥੇ ਕੱਲ੍ਹ ਸਵੇਰੇ ਉਸ ਦੀ ਮੌਤ ਹੋ ਗਈ। ਵਰਨਣ ਯੋਗ ਹੈ ਕਿ ਕੱਲ੍ਹ ਐਮਰਜੈਂਸੀ ਸਥਿਤੀ ਵਿੱਚ ਉਤਰਨ ਵਾਲੇ ਇਸ ਬੋਇੰਗ ਜਹਾਜ਼ ਵਿੱਚ 126 ਯਾਤਰੀ ਸਨ। ਜਦੋਂ ਜਹਾਜ਼ ਨੂੰ ਐਮਰਜੈਂਸੀ ਵਿੱਚ ਉਤਾਰਨ ਲਈ ਕੋਲਕਾਤਾ ਏਟੀਸੀ ਨਾਲ ਸੰਪਰਕ ਕੀਤਾ ਗਿਆ, ਉਸ ਸਮੇਂ ਉਹ ਰਾਏਪੁਰ ਨੇੜੇ ਸੀ, ਜਿਸ ਪਿੱਛੋਂ ਉਸ ਨੂੰ ਨੇੜਲੇ ਨਾਗਪੁਰ ਹਵਾਈ ਅੱਡੇ ਉੱਤੇ ਉਤਰਨ ਨੂੰ ਕਿਹਾ ਗਿਆ ਸੀ।

ਨੈਨੀ ਦੀ ਲੋੜ
ਬਰੈਂਪਟਨ ਵਿਚ ਘਰ ਦਾ ਕੰਮ ਕਰਨ ਲਈ ਨੈਨੀ ਦੀ ਲੋੜ ਹੈ।
ਸੰਪਰਕ ਕਰੋ:
416556 6884

# ਆਮ ਆਦਮੀ ਪਾਰਟੀ ਦੇ ਸਿਸੋਦੀਆ ਅਤੇ ਸੰਜੇ ਸਿੰਘ ਸਣੇ 17 ਨੇਤਾਵਾਂ ਦੇ ਖਿਲਾਫ ਕੇਸ ਦਰਜ




ਆਗਰਾ (ਉਤਰ ਪ੍ਰਦੇਸ਼), 31 ਅਗਸਤ (ਪੋਸਟ ਬਿਊਰੋ)- ਉਤਰ ਪ੍ਰਦੇਸ਼ ਪੁਲਸ ਨੇ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਅਤੇ ਪਾਰਲੀਮੈਂਟ ਮੈਂਬਰ ਸੰਜੇ ਸਿੰਘ ਸਣੇ ਆਮ ਆਦਮੀ ਪਾਰਟੀ (ਆਪ) ਦੇ 17 ਨੇਤਾਵਾਂ ਦੇ ਖਿਲਾਫ ਇੱਥੇ ਤਿਰੰਗਾ ਯਾਤਰਾ ਦੌਰਾਨ ਕੋਰੋਨਾ ਨਿਯਮਾਂ ਦੀ ਉਲੰਘਣਾ ਕਰਨ ਦੇ ਦੋਸ਼ ਹੇਠ ਕੇਸ ਦਰਜ ਕੀਤਾ ਹੈ।

ਪੁਲਸ ਨੇ ਦੱਸਿਆ ਕਿ ਸ਼ਿਕਾਇਤ ਵਿੱਚ ਪੰਜ ਸੌ ਹੋਰ ਅਣਪਛਾਤੇ ਲੋਕਾਂ ਦਾ ਵੀ ਜ਼ਿਕਰ ਹੈ, ਜਿਹੜੇ ਐਤਵਾਰ ਨੂੰ ਇੱਥੇ ਜੀ ਆਈ ਸੀ ਮੈਦਾਨ ਤੋਂ ਸੰਜੇ ਪੈਲੇਸ ਵਿੱਚ ਸ਼ਹੀਦ ਸਮਾਰਕ ਤਕ ਕੱਢੀ ਗਈ ਤਿਰੰਗਾ ਯਾਤਰਾ ਵਿੱਚ ਸ਼ਾਮਲ ਹੋਏ ਸਨ। ਪੁਲਸ ਮੁਤਾਬਕ ਕੋਰੋਨਾ ਨਿਯਮਾਂ ਦੀ ਪਾਲਣਾ ਨਾਲ ਕੁੱਲ 50 ਵਿਅਕਤੀਆਂ ਨੂੰ ਤਿਰੰਗਾ ਯਾਤਰਾ ਵਿੱਚ ਸ਼ਾਮਲ ਹੋਣ ਦੀ ਆਗਿਆ ਦਿੱਤੀ ਗਈ ਸੀ, ਪਰ ਐਤਵਾਰ ਨੂੰ ਕੱਢੀ ਗਈ ਯਾਤਰਾ ਵਿੱਚ ਸ਼ਾਮਲ ਹੋਏ ਲੋਕਾਂ ਦੀ ਗਿਣਤੀ ਉਸ ਤੋਂ ਵੱਧ ਸੀ ਅਤੇ ਯਾਤਰਾ ਦੌਰਾਨ ਕੋਰੋਨਾ ਨਿਯਮਾਂ ਦੀ ਪਾਲਣਾ ਵੀ ਨਹੀਂ ਕੀਤੀ ਗਈ।

ਵਰਨਣ ਯੋਗ ਹੈ ਕਿ ਅਗਲੀਆਂ ਉਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ ਲਈ ਦੇਸ਼ ਦੇ 75ਵੇਂ ਆਜ਼ਾਦੀ ਦਿਹਾੜੇ ਸਬੰਧੀ ਆਮ ਆਦਮੀ ਪਾਰਟੀ ਨੇ ਅਯੁੱਧਿਆ, ਲਖਨਊ ਅਤੇ ਨੋਇਡਾ ਵਿੱਚ ‘ਤਿਰੰਗਾ ਯਾਤਰਾਵਾਂ’ ਕੱਢਣ ਦੀ ਯੋਜਨਾ ਬਣਾਈ ਹੈ। ਸਿਸੋਦੀਆ ਨੇ ਐਤਵਾਰ ਨੂੰ ਉਤਰ ਪ੍ਰਦੇਸ਼ ਵਿੱਚ ਅਮਨ ਤੇ ਕਾਨੂੰਨ ਸਿੱਖਿਆ, ਸਿਹਤ ਤੇ ਰੁਜ਼ਗਾਰ ਦੀ ਸਥਿਤੀ ਬਾਰੇ ਸੂਬੇ ਦੀ ਭਾਜਪਾ ਸਰਕਾਰ ਉੱਤੇ ਵਰ੍ਹਦਿਆਂ ਕਿਹਾ ਸੀ ਕਿ ਆਪ ਵੱਲੋਂ ਅਯੁੱਧਿਆ ਵਿੱਚ ਤਿਰੰਗਾ ਯਾਤਰਾ 14 ਸਤੰਬਰ ਨੂੰ ਕੱਢੀ ਜਾਣੀ ਹੈ ਅਤੇ ਬਾਅਦ ਵਿੱਚ ਉਤਰ ਪ੍ਰਦੇਸ਼ ਦੇ 403 ਹਲਕਿਆਂ ਵਿੱਚ ਯਾਤਰਾਵਾਂ ਕੱਢੀਆਂ ਜਾਣਗੀਆਂ।ਐਸ ਪੀ (ਸਿਟੀ) ਵਿਕਾਸ ਕੁਮਾਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ 17 ਨੇਤਾਵਾਂ, ਜਿਨ੍ਹਾਂ ਵਿੱਚ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਅਤੇ ਰਾਜ ਸਭਾ ਮੈਂਬਰ ਸੰਜੇ ਸਿੰਘ ਸ਼ਾਮਲ ਹਨ, ਤੋਂ ਇਲਾਵਾ 500 ਅਣਪਛਾਤੇ ਲੋਕਾਂ ਦੇ ਖਿਲਾਫ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਉਹ ਐਤਵਾਰ ਨੂੰ ਜੀ ਆਈ ਸੀ ਮੈਦਾਨ ਤੋਂ ਸ਼ਹੀਦ ਸਮਾਰਕ (ਸੰਜੇ ਪੈਲੇਸ) ਤਕ ਕੱਢੀ ਗਈ ਤਿਰੰਗਾ ਯਾਤਰਾ ਵਿੱਚ ਸ਼ਾਮਲ ਸਨ।

# ਅਫਗਾਨ ਸੰਕਟ ਦੌਰਾਨ ਕਤਰ ਦੁਨੀਆਂ ਲਈ ਖਾਸ ਦੇਸ਼ ਬਣਿਆ



ਦੁਬਈ, 31 ਅਗਸਤ (ਪੋਸਟ ਬਿਊਰੋ)- ਅਫਗਾਨਿਸਤਾਨ ਤੋਂ ਅਮਰੀਕਾ ਦੀ ਫੌਜੀ ਦੀ ਵਾਪਸੀ ਤੋਂ ਬਾਅਦ ਕਤਰ ਦੋਵਾਂ ਦੇਸ਼ਾਂ ਵਿਚ ਸੰਪਰਕ ਵਿੱਚ ਮੁੱਖ ਭੂਮਿਕਾ ਨਿਭਾਏਗਾ। ਹਜ਼ਾਰਾਂ ਲੋਕਾਂ ਨੂੰ ਕਾਬੁਲ ਹਵਾਈ ਅੱਡੇ ਤੋਂ ਲਿਆ ਕੇ ਪਹਿਲਾਂ ਕਤਰ ਵਿੱਚ ਹੀ ਰੱਖਿਆ ਗਿਆ, ਉਥੋਂ ਹੋਰਨਾਂ ਥਾਵਾਂ ਉੱਤੇ ਭੇਜਿਆ ਗਿਆ ਹੈ।

ਮੌਜੂਦਾ ਹਾਲਾਤ ਵਿੱਚ ਇਸ ਛੋਟੇ ਜਿਹੇ ਅਰਬ ਦੇਸ਼ ਦੀ ਭੂਮਿਕਾ ਇਸ ਲਈ ਮਹੱਤਵ ਪੂਰਨ ਹੋ ਗਈ ਹੈ ਕਿ ਉਸ ਦੇ ਅਮਰੀਕਾ ਅਤੇ ਤਾਲਿਬਾਨ ਦੋਵਾਂ ਨਾਲ ਚੰਗੇ ਰਿਸ਼ਤੇ ਹਨ। ਇਸ ਕਾਰਨ ਕਤਰ ਵਿੱਚ ਅਮਰੀਕੀ ਫੌਜੀ ਅੱਡਾ ਹੈ ਅਤੇ ਅਫਗਾਨਿਸਤਾਨ ਦੀ ਸੱਤਾ ਤੋਂ ਹਟਣ ਪਿੱਛੋਂ ਤਾਲਿਬਾਨ ਕਤਰ ਦੀ ਰਾਜਧਾਨੀ ਦੋਹਾ ਤੋਂ ਆਪਣਾ ਸਿਆਸੀ ਦਫਤਰ ਚਲਾ ਰਿਹਾ ਸੀ। ਅਮਰੀਕਾ ਨੇ ਸ਼ਨੀਵਾਰ ਤਕ ਅਫਗਾਨਿਸਤਾਨ ਤੋਂ 1,13,500 ਲੋਕ ਕੱਢੇ ਹਨ। ਇਨ੍ਹਾਂ ਵਿੱਚੋਂ ਚਾਲੀ ਫੀਸਦੀ ਨੂੰ ਕਤਰ ਵਿੱਚ ਕੁਝ ਦੇਰ ਰੋਕਿਆ ਗਿਆ ਤੇ ਉਸ ਤੋਂ ਬਾਅਦ ਅੱਗੇ ਰਵਾਨਾ ਕੀਤਾ ਗਿਆ। ਕਾਬੁਲ ਤੋਂ ਆਏ ਹਜ਼ਾਰਾਂ ਲੋਕ ਹਾਲੇ ਵੀ ਕਤਰ ਵਿੱਚ ਹਨ। ਕਤਰ ਨੇ ਕੱਲ੍ਹ ਹੋਈ ਮੁੱਖ ਦੇਸ਼ਾਂ ਅਤੇ ਸੰਗਠਨਾਂ ਦੀ ਵਰਚੁਅਲ ਮੀਟਿੰਗ ਵਿੱਚ ਸ਼ਿਰਕਤ ਕੀਤੀ ਸੀ, ਜਿਸ ਵਿੱਚ ਅਫਗਾਨਿਸਤਾਨ ਦੀ ਸਥਿਤੀ ਉੱਤੇ ਵਿਚਾਰ ਕੀਤਾ ਗਿਆ। ਇਹ ਬੈਠਕ ਅਮਰੀਕਾ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਕਰਾਈ ਸੀ।ਇਸ ਵਿੱਚ ਬ੍ਰਿਟੇਨ, ਫਰਾਂਸ, ਜਰਮਨੀ, ਕੈਨੇਡਾ, ਇਟਲੀ, ਜਾਪਾਨ, ਯੂਰਪੀ ਯੂਨੀਅਨ ਅਤੇ ਨਾਟੋ ਦੇ ਵਿਦੇਸ਼ ਮੰਤਰੀਆਂ ਤੇ ਉਚ ਅਧਿਕਾਰੀਆਂ ਨੇ ਹਿੱਸਾ ਲਿਆ।

ਪਤਾ ਲੱਗਾ ਹੈ ਕਿ ਕਾਬੁਲ ਹਵਾਈ ਅੱਡੇ ਤੋਂ ਅਮਰੀਕੀ ਫੌਜੀਆਂ ਦੇ ਹਟਣ ਤੋਂ ਬਾਅਦ ਤਾਲਿਬਾਨ ਹਵਾਈ ਅੱਡੇ ਉੱਤੇ ਉਨ੍ਹਾਂ ਸਾਰੇ ਨਾਗਰਿਕਾਂ ਨੂੰ ਯਾਤਰਾ ਸਹੂਲਤ ਦੇਵੇਗਾ ਜਿਹੜੇ ਅਫਗਾਨਿਸਤਾਨ ਤੋਂ ਬਾਹਰ ਜਾਣਾ ਚਾਹੁੰਦੇ ਹਨ। ਕਤਰ ਦੀ ਸਹਾਇਕ ਵਿਦੇਸ਼ ਮੰਤਰੀ ਲੋਲਵਾ ਅਲ-ਖਤਰ ਮੰਨਦੀ ਹੈ ਕਿ ਬੀਤੇ ਹਫਤਿਆਂ ਵਿੱਚ ਕਤਰ ਨੂੰ ਸਿਆਸੀ ਫਾਇਦਾ ਹੋਇਆ ਹੈ, ਪਰ ਇਸ ਦੇ ਕਿਸੇ ਰਣਨੀਤਕ ਨਤੀਜੇ ਤੋਂ ਉਹ ਇਨਕਾਰ ਕਰਦੀ ਹੈ।

# ਚੀਨ ਨੇ ਬੱਚਿਆਂ ਦਾ ਗੇਮਿੰਗ ਟਾਈਮ ਘਟਾ ਕੇ ਹਫ਼ਤੇ ਵਿੱਚ ਤਿੰਨ ਘੰਟੇ ਕੀਤਾ



ਪੇਈਚਿੰਗ, 31 ਅਗਸਤ (ਪੋਸਟ ਬਿਊਰੋ)- ਕੋਰੋਨਾ ਕਾਲ ਵਿੱਚ ਲੰਬੇ ਸਮੇਂ ਤਕ ਲਾਗੂ ਰਹੇ ਲਾਕਡਾਊਨ ਦੌਰਾਨ ਬੱਚਿਆਂ ਨੂੰ ਪਈ ਮੁਬਾਈਲ ਦੀ ਆਦਤ ਅਤੇ ਸਿਹਤ ਬਾਰੇ ਚੀਨ ਸੁਚੇਤ ਹੈ। ਇਸ ਕਾਰਨ ਚੀਨ ਸਰਕਾਰ ਨੇ ਨਵੀਂ ਗਾਈਡਲਾਈਨ ਜਾਰੀ ਕਰ ਕੇ ਬੱਚਿਆਂ ਦੀ ਆਨਲਾਈਨ ਵੀਡੀਓ ਗੇਮਿੰਗ ਦਾ ਟਾਈਮ ਘਟਾ ਕੇ ਹਫ਼ਤੇ ਵਿੱਚ ਕੇਵਲ ਤਿੰਨ ਘੰਟੇ ਮਿਥ ਦਿੱਤਾ ਹੈ। ਰਿਪੋਰਟ ਦੇ ਅਨੁਸਾਰ ਟੇਂਸੇਂਟ ਜਿਹੇ ਪਲੇਟਫਾਰਮ ਹੁਣ ਬੱਚਿਆਂ ਨੂੰ ਸ਼ੁੱਕਰਵਾਰ, ਹਫ਼ਤੇ ਅਤੇ ਜਨਤਕ ਛੁੱਟੀਆਂ ਉੱਤੇ 8-9 ਵਜੇ ਦੇ ਵਿੱਚ ਗੇਮਿੰਗ ਦੀ ਪੇਸ਼ਕਸ਼ ਕਰ ਸਕਦੇ ਹਨ। ਇਸ ਤੋਂ ਪਹਿਲਾਂ 2019 ਵਿੱਚ ਇਸਦੀ ਸਮਾਂਹੱਦ ਰੋਜ਼ 1.5 ਘੰਟੇ ਤਕ ਸੀਮਿਤ ਕੀਤੀ ਗਈ ਸੀ। ਇਸ ਮਹੀਨੇ ਦੇ ਸ਼ੁਰੂ ਵਿੱਚ ਟੇਂਸੇਂਟ ਨੂੰ ਉਸ ਸਮੇਂ ਦੀ ਮਾਤਰਾ ਵਿੱਚ ਕਟੌਤੀ ਕਰਨ ਨੂੰ ਮਜ਼ਬੂਰ ਕੀਤਾ ਗਿਆ ਸੀ। ਦੱਸਿਆ ਜਾ ਰਿਹਾ ਹੈ ਕਿ ਗੇਮਿੰਗ ਦੇ ਸਮੇਂ ਵਿੱਚ ਕਟੌਤੀ ਨਾਲ ਕੰਪਨੀਆਂ ਦੇ ਸ਼ੇਅਰ ਪ੍ਰਭਾਵਿਤ ਹੋ ਸਕਦੇ ਹਨ। ਤਿੰਨ ਅਗਸਤ ਨੂੰ ਇੱਕ ਪ੍ਰਮੁੱਖ ਰਾਜ ਦੇ ਸਰਕਾਰੀਅਖਬਾਰ ਨੇ ਆਪਣੇ ਲੇਖ ਵਿੱਚ ਕੰਪਨੀ ਦੀ ਪ੍ਰਸਿੱਧ ਗੇਮ ‘ਆਨਰ ਆਫ ਕਿੰਗਸ' ਦਾ ਜ਼ਿਕਰ ਕੀਤਾ ਸੀ ਜਿਸ ਦੀ ਬੱਚਿਆਂ ਨੂੰ ਆਦਤ ਪੈ ਚੁੱਕੀ ਹੈ। ਅਖ਼ਬਾਰ ਨੇ ਕਿਹਾ ਕਿ ਦਿਮਾਗ਼ੀ ਅਫੀਮ ਅਰਬਾਂ ਡਾਲਰ ਦਾ ਉਦਯੋਗ ਬਣ ਗਿਆ ਹੈ ਪਰ ਕਿਸੇ ਵੀ ਉਦਯੋਗ ਨੂੰ ਇੱਕ ਪੀੜ੍ਹੀ ਨੂੰ ਬਰਬਾਦ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ।

# ਇਸਰਾਈਲ ਤੇ ਫਲਸਤੀਨ ਵਿਚਾਲੇ ਕਈ ਸਾਲਾਂ ਬਾਅਦ ਉਚ ਪੱਧਰੀ ਵਾਰਤਾ ਸ਼ੁਰੂ



ਯੇਰੂਸ਼ਲਮ, 31 ਅਗਸਤ (ਪੋਸਟ ਬਿਊਰੋ)- ਇਸਰਾਈਲ ਦੇ ਰੱਖਿਆ ਮੰਤਰੀ ਬੈਨੀ ਗੈਂਟਜ਼ ਨੇ ਕੱਲ੍ਹ ਰਾਤ ਫਲਸਤੀਨ ਦੇ ਰਾਸ਼ਟਰਪਤੀ ਮਹਿਮੂਦ ਅੱਬਾਸ ਨਾਲ ਮੁਲਾਕਾਤ ਕੀਤੀ। ਦੋਵਾਂ ਧਿਰਾਂ ਵਿਚਾਲੇ ਕਈ ਸਾਲਾਂ ਬਾਅਦ ਇਹ ਪਹਿਲੀ ਉਚ ਪੱਧਰੀ ਮੁਲਕਾਤ ਹੈ, ਜਿਸ ਬਾਰੇ ਅਧਿਕਾਰੀਆਂ ਨੇ ਜਾਣਕਾਰੀ ਦਿੱਤੀ ਹੈ।

ਮੀਡੀਆ ਰਿਪੋਰਟਾਂ ਅਨੁਸਾਰ ਇਹ ਮੀਟਿੰਗ ਇਸਰਾਈਲ ਦੇ ਕਬਜ਼ੇ ਵਾਲੇ ਵੈਸਟ ਬੈਂਕ ਦੇ ਰਾਮੱਲ੍ਹਾ ਵਿੱਚ ਹੋਈ, ਜਿੱਥੇ ਅੱਬਾਸ ਪ੍ਰਸ਼ਾਸਨ ਦਾ ਮੁੱਖ ਦਫਤਰ ਹੈ। ਗੈਂਟਜ਼ ਨੇ ਅੱਬਾਸ ਨੂੰ ਕਿਹਾ ਕਿ ਇਸਰਾਈਲ ਫਲਸਤੀਨ ਦੇ ਅਰਥਚਾਰੇ ਨੂੰ ਮਜ਼ਬੂਤ ਕਰਨ ਲਈ ਕਦਮ ਚੁੱਕੇਗਾ। ਅੱਬਾਸ ਦੇ ਕਰੀਬੀ ਸਹਿਯੋਗੀ ਹੁਸੈਨ ਸ਼ੇਖ਼ ਨੇ ਟਵਿੱਟਰ ਰਾਹੀਂ ਮੀਟਿੰਗ ਦੀ ਪੁਸ਼ਟੀ ਕੀਤੀ ਹੈ। ਇਸਰਾਈਲ ਦੇ ਸਾਬਕਾ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੇ ਰਾਜ ਵਿੱਚ ਕੁਝ ਸਾਲਾਂ ਦੌਰਾਨ ਅੱਬਾਸ ਅਤੇ ਇਸਰਾਈਲੀ ਆਗੂਆਂ ਵਿਚਾਲੇ ਵਾਰਤਾ ਤਕਰੀਬਨ ਪੂਰੀ ਤਰ੍ਹਾਂ ਬੰਦ ਹੋ ਚੁੱਕੀ ਸੀ। ਅਜਿਹੇ ਵਿੱਚ ਗੈਂਟਜ਼ ਅਤੇ ਅੱਬਾਸ ਵਿਚਾਲੇ ਹੋਈ ਗੱਲਬਾਤ ਨੂੰ ਰੁਖ਼ ਵਿੱਚ ਤਬਦੀਲੀ ਦੇ ਸੰਕੇਤ ਵਜੋਂ ਦੇਖਿਆ ਜਾ ਰਿਹਾ ਹੈ। ਨੇਤਨਯਾਹੂ ਨੂੰ ਫਲਸਤੀਨ ਪ੍ਰਤੀ ਕੱਟੜ ਨੀਤੀ ਉੱਤੇ ਚੱਲਣ ਵਾਲੇ ਨੇਤਾ ਵਜੋਂ ਦੇਖਿਆ ਜਾਂਦਾ ਹੈ। ਉਨ੍ਹਾਂ ਨੂੰ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਹਮਾਇਤ ਹਾਸਲ ਸੀ। ਟਰੰਪ ਨੇ ਇਸਰਾਈਲ ਵਿੱਚ ਅਮਰੀਕੀ ਦੂਤਾਘਰ ਨੂੰ ਤਲ ਅਵੀਵ ਤੋਂ ਯੇਰੂਸ਼ਲਮ ਤਬਦੀਲ ਕਰਨ ਵਰਗੀਆਂ ਇਸਰਾਈਲ ਹਮਾਇਤੀ ਨੀਤੀਆਂ ਨੂੰ ਮਨਜ਼ੂਰੀ ਦਿੱਤੀ ਸੀ। ਉਨ੍ਹਾਂ ਸਾਲਾਂ ਦੇ ਦੌਰਾਨ ਅੱਬਾਸ ਨੇ ਅਮਰੀਕਾ ਤੇ ਇਸਰਾਈਲ ਨਾਲ ਗੱਲਬਾਤ ਬੰਦ ਕਰ ਦਿੱਤੀ ਸੀ।

